ਅੰਮ੍ਰਿਤ ਕੀਰਤਨ

Amrit Kirtan अमृत कीर्तन

ਅੰਕ 17 ਅਕਤੂਬਰ 1990

# ਕੀਰਤਨ

ਗੁਰੂ ਅਰਜਨ ਦੇਵ ਜੀ ਪਾਸ ਭਾਈ ਝਾਝੂ ਜੀ, ਮੁਕੰਦਾ ਜੀ ਅਤੇ ਕੇਦਾਰਾ ਜੀ ਦਕਸ਼ਨਾਂ ਨੂੰ ਆਏ। ਉਨ੍ਹਾਂ ਪੁੱਛਿਆ : ਸਾਡਾ ਉਦਾਰ ਕਿਵੇਂ ਹੋਏ ਤਾਂ ਬਚਨ ਹੋਇਆ : ਤੁਹਾਨੂੰ ਰਾਗਾਂ ਦੀ ਸੂਝ ਹੈ ਅਤੇ ਕਲਜੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਤਪ ਨਹੀਂ, ਇਹ ਸਾਂਤਕੀ ਤਪ ਹੈ। ਤੁਸੀਂ ਕੀਰਤਨ ਕਰੋ।

ਉਨ੍ਹਾਂ ਦਾ ਅਗਲਾ ਪ੍ਰਸ਼ਨ ਸੀ ਕਿ ਕੀਰਤਨ ਤੇ ਪਾਠ ਦਾ ਭਿੰਨ-ਭਿੰਨ ਫਲ ਕਹੀਏ। ਗੁਰੂ ਜੀ ਨੇ ਹੁਕਮ ਕੀਤਾ : 'ਪਾਠ ਦਾ ਫਲ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝੱਬਦੇ ਪਕਾਈਦੀ ਹੈ ਅਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ, ਤੈਸੇ ਬਾਣੀ ਦੇ ਪਾਠ ਦਾ ਫਲ ਹੋਤਾ ਹੈ। ਪਰ ਖੂਹ ਦਾ ਪਾਣੀ, ਖੂਹ ਦੇ ਨਜ਼ਦੀਕ ਹੋਵੇ ਤਾਂ ਪਹੁੰਚਦਾ ਹੈ ਪਰ ਦੂਰ ਦੀਆਂ ਪੈਲੀਆਂ ਨੂੰ ਪਹੁੰਚਦਾ ਨਹੀਂ। ਕੀਰਤਨ ਅਜਿਹਾ ਹੈ : ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸੱਭ ਪੈਲੀਆਂ ਹਰੀਆਂ ਭਰੀਆਂ ਹੁੰਦੀਆਂ ਹਨ। ਕਥਾ ਹੈ ਜੈਸੇ ਮੇਘ ਠਹਿਰਿਆ ਹੋਇਆ ਨਿਰਵਾਤ ਝਿੰਮ-ਝਿੰਮ ਵਰਖਾ ਕਰਦਾ ਹੈ। ਅੱਗੇ ਪੈਲੀਆਂ ਰਾਹੀਆਂ ਹੋਈਆਂ ਹੋਵਨਿ। ਜੋ ਬੂੰਦ ਪਵੇ, ਧਰਤੀ ਵਿਚ ਸਮਾਂ ਜਾਏ।'

# ਤੁਹਾਡੇ ਪੱਤਰ

ਜੂਨ ਦੇ ਪਰਚੇ ਵਿਚ ਪ੍ਰਿੰਸੀਪਲ ਇੰਦਰ ਸਿੰਘ ਜੀ ਚੰਡੀਗੜ੍ਹ ਵਾਲਿਆਂ ਦੇ ਲੇਖ ਵਿਚ ਸਾਡੇ ਪਿਤਾ ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਨੂੰ ਤਰਨਤਾਰਨ ਵਾਲੇ ਕਰਕੇ ਲਿਖਿਆ ਗਿਆ ਹੈ। ਉਹ ਸ੍ਰੀ ਤਰਨਤ੍ਰਾਰਨ ਸਾਹਿਬ ਕੀਰਤਨ ਸਮਾਗਮਾਂ ਤੇ ਅਕਸਰ ਜਾਂਦੇ ਰਹਿੰਦੇ ਸਨ ਤੇ ਉਨ੍ਹਾਂ ਨਾਲ ਅਕਸਰ ਦੋ ਤਬਲਚੀ ਹੁੰਦੇ ਸਨ। ਉਨ੍ਹਾਂ ਦੀ ਪ੍ਰਸਿੱਧੀ ਠੱਠਾ ਟਿੱਬਾ ਜ਼ਿਲਾ ਕਪੂਰਥਲਾ ਦੇ ਨਾਮ ਤੇ ਸੀ।

ਅਪ੍ਰੈਲ ਦੇ ਅੰਕ ਵਿਚ ਭਾਈ ਸੰਤਾ ਸਿੰਘ ਕੰਵਲ ਦੇ ਉਸਤਾਦ ਦਾ ਨਾਮ ਭਾਈ ਰਾਮ ਸਿੰਘ ਚਮਿੰਡੇ ਵਾਲੇ ਗਲਤ ਛਪਿਆ ਹੈ। ਅਸਲ ਨਾਮ ਭਾਈ ਹਰਿਨਾਮ ਸਿੰਘ ਚਵਿੰਡੇ ਵਾਲੇ ਹੈ। ਇਹ ਸਾਡੇ ਪਿਤਾ ਜੀ ਦੇ ਗੁਰਭਾਈ ਸਨ। ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਵਿਦਵਾਨ ਰਾਗੀ ਭਾਈ ਵਸਾਵਾ ਸਿੰਘ ਜਿਨ੍ਹਾਂ ਨੂੰ ਰੰਗੀ ਰਾਮ ਸਿੰਘ ਜੀ ਦੇ ਨਾਮ ਨਾਲ ਭੀ ਜਾਣਿਆ ਜਾਂਦਾ ਸੀ, ਉਨ੍ਹਾਂ ਦੇ ਸਭ ਤੋਂ ਆਖਰੀ ਤੇ ਛੋਟੇ ਸ਼ਾਗਿਰਦ ਸਨ।

ਅੰਮ੍ਰਿਤ ਕੀਰਤਨ ਦੇ ਨਾਮ ਮੁਤਾਬਿਕ ਇਸ ਵਿਚ ਕੇਵਲ ਗੁਰਬਾਣੀ ਦਾ ਕੀਰਤਨ ਕਰਨ ਵਾਲੇ ਰਬਾਬੀਆਂ ਜਾਂ ਸਿੱਖ ਰਾਗੀਆਂ ਬਾਰੇ ਜਾਣਕਾਰੀ ਛਪਣੀ ਚਾਹੀਦੀ ਹੈ।

ਰਾਗੀ ਗੁਰਚਰਨ ਸਿੰਘ ਕੰਵਲ
ਦਿੱਲੀ

ਅੰਮ੍ਰਿਤ ਕੀਰਤਨ ਵਾਲਾ ਉੱਦਮ ਮੁਬਾਰਕ ਹੈ। ਪਰ ਐਸੇ ਵੱਡੇ ਪ੍ਰਾਜੈਕਟ ਲਈ ਬਹੁਤ ਹੀ ਘਾਲਣਾ ਦੀ ਲੋੜ ਹੈ। ਵਾਹਿਗੁਰੂ ਜੀ ਤੁਹਾਨੂੰ ਬਲ ਬਖਸ਼ਣ ਕਿ ਕਾਰਜ ਨੂੰ ਸਫਲਤਾ ਪ੍ਰਾਪਤ ਹੋਵੇ।

ਪ੍ਰੋ. ਕਰਤਾਰ ਸਿੰਘ ਜੀ
99-ਬੀ ਸ਼ਾਸਤਰੀ ਨਗਰ,
ਲੁਧਿਆਣਾ

ਅੰਮਿਤ ਕੀਰਤਨ ਵਿਚ ਰੇਡੀਓ ਸਟੇਸ਼ਨਾਂ ਦੇ ਕੀਰਤਨ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੰਦੇ ਰਿਹਾ ਕਰੋ। ਆਲ ਇੰਡੀਆ ਰੇਡੀਓ ਜਲੰਧਰ ਤੋਂ ਹਰ ਐਤਵਾਰ ਨੂੰ ਰਾਤੀਂ 10 ਵਜੇ ਜੋ ਨਿਰਧਾਰਤ ਰਾਗਾਂ ਬਾਰੇ ਪ੍ਰੋਗਰਾਮ ਆਉਂਦਾ ਹੈ ਉਸ ਵਿਚ ਨਵੇਂ ਸ਼ਬਦਾਂ ਦੀ ਰਿਕਾਰਡਿੰਗ ਬਹੁਤ ਘੱਟ ਹੁੰਦੀ ਹੈ।

ਮ. ਸ. ਮਸਤਾਨਾ,
ਮਲੋਟ

# ਅੰਮ੍ਰਿਤ ਕੀਰਤਨ

# Amrit Kirtan ਅਮ੍ਰਤ ਕੀਰ੍ਤਨ

ਅੰਕ 17

ਅਕਤੂਬਰ 1990

ਸੰਪਾਦਕ (ਆਨਰੇਰੀ)
ਡਾ ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੰਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ .. ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :
**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
22, ਸੈਕਟਰ 15-ੲ,
ਡੀਗੜ੍ਹ-160015
ਨ : 24660

**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

**ਸ਼**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼**

| | |
|---|---|
| ਸਲਾਨਾ | 300 ਰੁਪਏ |
| ਜੀਵਨ ਮੈਂਬਰ | 3000 ਰੁਪਏ |

## ਵਿਸ਼ਾ ਪੰਨਾ

1. ਤੁਹਾਡੇ ਪੱਤਰ — ਟਾਈਟਲ ਪੰਨਾ 2
2. ਕਰਉ ਬੇਨੰਤੀਆ — 2
3. ਨਿੰਦਆ ਰੰਗ
   — ਨਿਕੋਲਾਈ ਰੇਖਿਕ — 3
4. ਵਿਸਮਾਦੀ ਬੋਲਾਂ ਦਾ ਪੇਸ਼ਕਾਰ
   — ਗੁਰਭਜਨ ਗਿੱਲ — 5
5. ਪੁਰਾਤਨ ਕੀਰਤਨਕਾਰਾਂ ਦੀ ਦਾਸਤਾਨ
   — ਟੀ. ਸੀ. ਨਾਗਪਾਲ — 9
6. ਕੀਰਤਨ ਸੰਗੀਤ
   —ਆਵਤ ਸਿੰਘ — 25
7. ਰਾਗ ਭਿਨ ਸ਼ਡਜ
   – ਪ੍ਰੋ: ਜੀ. ਐਸ ਸਹਿਗਲ — 28
8. ਸੁਰਲਿਪੀ ਵਾਲੇ ਸ਼ਬਦ ਦੇ ਅਰਥ — 30
9. ਰਾਗ ਭੂਪਾਲੀ
   — ਸ. ਆਵਤ ਸਿੰਹ — 31

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਪਨਾ ਗੁਨ ਨ ਗਵਾਵੈ

ਗੱਲ ਕੋਈ ਪੰਦਰਾਂ ਕੁ ਸਾਲ ਪਹਿਲਾਂ ਦੀ ਹੈ। ਜਦੋਂ ਮੇਰਾ ਛੋਟਾ ਵੀਰ ਜੋ ਅੱਜ ਕਲ੍ਹ ਇੱਕ ਕਾਲਜ ਵਿੱਚ ਪ੍ਰੋਫੈਸਰ ਹੈ, ਕਾਲਜ ਵਿੱਚ ਪੜ੍ਹਨ ਦੇ ਨਾਲ ਨਾਲ ਗੁਰਦੁਆਰੇ ਵਿਖੇ ਕੀਰਤਨ ਵੀ ਕਰਦਾ ਸੀ। ਉਸ ਦਾ, ਕਾਲਜ ਦੇ ਸਾਹਮਣੇ ਖੋਖੇ ਵਿੱਚ ਕਿਤਾਬਾਂ ਵੇਚਣ ਵਾਲੇ ਦੁਕਾਨਦਾਨ ਨਾਲ ਕਿਸੇ ਗੱਲੋਂ ਝਗੜਾ ਹੋ ਗਿਆ। ਵੀਰ ਨੂੰ ਬਹੁਤ ਗੁੱਸਾ ਆਇਆ ਉਸ ਨੇ ਫੈਸਲਾ ਕਰ ਲਿਆ ਕਿ ਅੱਜ ਇਸ ਖੋਖੇ ਨੂੰ ਅੱਗ ਲਾ ਦੇਣੀ ਹੈ।

ਸ਼ਾਮ ਵੇਲੇ ਉਸ ਨੇ ਕੀਰਤਨ ਵੀ ਕੀਤਾ ਪਰ ਮਨ ਅੱਗ ਲਗਾਉਣ ਦੀਆਂ ਸਕੀਮਾਂ ਵਿੱਚ ਭਟਕਦਾ ਰਿਹਾ। ਕੀਰਤਨ ਦੀ ਡਿਊਟੀ ਖਤਮ ਕਰਕੇ ਉਹ ਮਾਚਸ ਜੇਬ ਵਿੱਚ ਪਾ ਕੇ ਖੋਖੇ ਦੇ ਲਾਗੇ-ਚਾਗੇ ਘੁੰਮਣ ਲੱਗ ਪਿਆ। ਉਹ ਹਨੇਰਾ ਹੋਣ ਦੀ ਉਡੀਕ ਕਰ ਰਿਹਾ ਸੀ। ਉਧਰ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਦ ਅਰਦਾਸ ਹੋ ਰਹੀ ਸੀ। ਜਦੋਂ ਹਨੇਰਾ ਹੋ ਗਿਆਂ ਤਾਂ ਵੀਰ ਨੇ ਸੋਚਿਆ ਹੁਣ ਸਮਾਂ ਹੈ ਇਸ ਖੋਖੇ ਨੂੰ ਅੱਗ ਲਾ ਕੇ ਬਦਲਾ ਲੈ ਲੈਣਾ ਚਾਹੀਦਾ ਹੈ।

ਉਹ ਮਾਚਿਸ ਕੱਢ ਕੇ ਤੀਲੀ ਬਾਲਣ ਹੀ ਵਾਲਾ ਸੀ ਕਿ ਗੁਰਦੁਆਰਾ ਸਾਹਿਬ ਦੇ ਲਾਊਡ ਸਪੀਕਰ ਤੋਂ ਗੁਰੂ ਗ੍ਰੰਥ ਸਾਹਿਬ ਵਿਚੋਂ ਵਾਕ ਸੁਣਾਈ ਦੇਣ ਲੱਗ ਪਿਆ :

ਹਰਿ ਜਨ ਰਾਮ ਨਾਮ ਗੁਨ ਗਾਵੈ।
ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪਨਾ ਗੁਨੁ ਨ ਗਵਾਵੈ।

ਇਹ ਤੁਕ ਉਸ ਦੇ ਜ਼ਿਹਨ ਵਿੱਚ ਫਿਰ ਗੂੰਜੀ :

ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪਨਾ ਗੁਨ ਨ ਗਵਾਵੈ।

ਮਾਚਿਸ ਉਸ ਦੀ ਜੇਬ ਵਿੱਚ ਚਲੀ ਗਈ। ਉਸ ਫਿਰ ਗੁਰਦੁਆਰਾ ਸਾਹਿਬ ਜਾ ਕੇ ਨਮਸਕਾਰ ਕੀਤੀ ਤੇ ਮਨ ਵਿੱਚ ਇਹ ਗੱਲ ਫਿਰ ਦ੍ਰਿੜਾਈ :

ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪਨਾ ਗੁਨ ਨ ਗਵਾਵੈ।

– ਜਾਗੀਰ ਸਿੰਘ

—0—

# ਨਿੰਦਿਆ ਰੋਗ

ਨਿੰਦਿਆ ਝੂਠ ਬੋਲਣ ਦੇ ਬਰਾਬਰ ਹੀ ਹੈ। ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਝੂਠ ਅਣਜਾਣੇ ਹੀ ਬੋਲਿਆ ਜਾਵੇ ਜਾਂ ਜਾਣ ਬੁੱਝ ਕੇ, ਬੁਰੇ ਇਰਾਦੇ ਨਾਲ ਜਾਂ ਅਗਿਆਨਤਾ ਕਾਰਨ, ਮੰਤਵ ਕੋਈ ਵੀ ਹੋਵੇ। ਉਸਦਾ ਬੀਜ ਉਤਨਾ ਹੀ ਜ਼ਹਿਰੀਲਾ ਹੁੰਦਾ ਹੈ।

ਆਪਣੇ ਆਪ ਨੂੰ ਨਿਰਦੋਸ਼ ਕਹਿਣ ਵਾਲੇ ਇਨ੍ਹਾਂ ਨਿੰਦਕਾਂ ਦੀ ਇਕ ਬਹੁਤ ਵੱਡੀ ਗਿਣਤੀ ਸਾਡੇ ਆਸੇ ਪਾਸੇ ਘੁੰਮਦੀ ਜ਼ਹਿਰ ਉਗਲਦੀ ਹੈ। ਜਾਂਦੇ ਜਾਂਦੇ ਉਹ ਸਭ ਤੋਂ ਭਿਅੰਕਰ ਜ਼ਹਿਰ ਦੇ ਬੀਜ ਬੀਜਦੇ ਰਹਿੰਦੇ ਹਨ ਅਤੇ ਫਿਰ ਇਸ ਮਾਮਲੇ ਵਿਚ ਉਹ ਆਪਣਾ ਹੱਥ ਹੋਣ ਤੋਂ ਇਨਕਾਰ ਕਰਦੇ ਹਨ। ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਇਹ ਧਿਆਨ ਹੀ ਨਹੀਂ ਸੀ ਕਿ ਉਹ ਐਸਾ ਕੁਝ ਕਹਿ ਰਹੇ ਹਨ। ਉਨ੍ਹਾਂ ਦਾ ਕਹਿਣਾ ਤਾਂ ਬਸ ਇੰਨਾ ਹੀ ਹੁੰਦਾ ਹੈ ਕਿ ਇਹ ਗੱਲ ਤਾਂ ਉਨ੍ਹਾਂ ਬਸ ਸਾਡੀ ਜਾਣਕਾਰੀ ਲਈ ਕਹੀ ਸੀ ਜਿਵੇਂ ਉਨ੍ਹਾਂ ਦੇ ਝੂਠ ਅਤੇ ਉਨ੍ਹਾਂ ਦੀ ਨਿੰਦਿਆ ਦਾ ਜ਼ਿਕਰ ਸੂਚਨਾ ਲਈ ਹੀ ਕੀਤਾ ਜਾਂਦਾ ਹੈ।

ਇਹ ਨਿੰਦਿਆ ਜਾਂ ਝੂਠ ਅਸਲ ਵਿਚ ਕਿੰਨਾ ਨੁਕਸਾਨ ਕਰਦੇ ਹਨ, ਅਸੀਂ ਲੋਕ ਸ਼ਾਇਦ ਇਸ ਦਾ ਠੀਕ ਅਹਿਸਾਸ ਨਹੀਂ ਕਰ ਸਕਦੇ। ਉਨ੍ਹਾਂ ਦਾ ਕਿਸੇ ਚੀਜ਼ ਤੇ ਕਿੰਨਾ ਅਸਰ ਪੈਂਦਾ ਹੈ ਇਸ ਗੱਲ ਵੱਲ ਲੋੜੀਂਦਾ ਧਿਆਨ ਨਹੀਂ ਦਿੰਦੇ, ਇਹ ਹੋਛੀਆਂ ਅਤੇ ਘਟੀਆ ਗੱਲਾਂ ਸਾਡੇ ਰਾਹ ਵਿਚ ਕਿੰਨੀ ਵੱਡੀ ਰੁਕਾਵਟ ਹੁੰਦੀਆਂ ਹਨ, ਸਾਡੇ ਜੀਵਨ ਵਿਚ ਕਿੰਨਾ ਜ਼ਹਿਰ ਘੋਲਦੀਆਂ ਹਨ, ਇਸ ਦਾ ਠੀਕ ਠੀਕ ਅੰਦਾਜ਼ਾ ਅਸੀਂ ਨਹੀਂ ਲਗਾਉਂਦੇ। ਹੁਣ ਅਸੀਂ ਇਹ ਤਾਂ ਮਹਿਸੂਸ ਕਰਨ ਲੱਗ ਪਏ ਹਾਂ ਕਿ ਕਰੋਧ ਅਤੇ ਖਿਝ ਕਾਰਨ ਸਾਡੇ ਸਰੀਰ ਨੂੰ ਕਿੰਨਾ ਨੁਕਸਾਨ ਪੁੱਜਦਾ ਹੈ ਪਰ ਤੁਸੀਂ ਜ਼ਰਾ ਸੋਚੋ ਤਾਂ ਸਹੀ ਕਿ ਜਿਹੜੇ ਨਿੰਦਕ ਅਤੇ ਝੂਠੇ ਜਿਸ ਜ਼ਹਿਰ ਅਤੇ ਤਬਾਹਕੁੰਨ ਘਿਰਣਾ ਵਿਚ ਹਮੇਸ਼ਾ ਡੁੱਬੇ ਰਹਿੰਦੇ ਹਨ ਉਹ ਸਭ ਤੋਂ ਪਹਿਲਾਂ ਉਨ੍ਹਾਂ ਦੇ ਸਰੀਰ ਨੂੰ ਜ਼ਹਿਰੀਲਾ ਅਤੇ ਨਾਸ ਨਹੀਂ ਕਰੇਗਾ ?...... ਅਤੇ ਜੇ ਕੋਈ ਤੁਹਾਨੂੰ ਇਹ ਯਕੀਨ ਦਿਵਾਉਣ ਦੀ ਚੇਸ਼ਟਾ ਕਰੇ ਕਿ ਉਸ ਨੇ ਕਿਸੇ ਭਲਾਈ ਲਈ ਕੋਈ ਬੁਰਾ ਕੰਮ ਕੀਤਾ ਹੈ ਤਾਂ ਉਸ ਦੀ ਗੱਲ ਤੇ ਬਿਲਕੁਲ ਵਿਸ਼ਵਾਸ ਨਾ ਕਰਨਾ, ਕਿਉਂਕਿ ਉਹ ਅਸਲ ਵਿਚ ਆਪਣੇ ਆਪ ਨੂੰ ਬਚਾਉਣ ਦਾ ਯਤਨ ਕਰ ਰਿਹਾ ਹੈ, ਉਸ ਦਾ ਪ੍ਰਯੋਜਨ ਨਿਸ਼ਚੇ ਹੀ ਕਿਸੇ ਦੀਆਂ ਨਜ਼ਰਾਂ ਵਿਚ ਆਪਣੇ ਆਪ ਨੂੰ ਚੰਗਾ ਸਿੱਧ ਕਰਨ ਦਾ ਹੋਵੇਗਾ।

ਮਹਾਂਮਾਰੀ ਅਨੇਕ ਤਰ੍ਹਾਂ ਦੀ ਹੁੰਦੀ ਹੈ। ਸਮੇਂ ਦ੍ਰੇ ਨਾਲ ਅਸੀਂ ਇਹ ਸਮਝਣ ਲੱਗ ਪਏ ਹਾਂ ਕਿ ਦੁਨੀਆਂ ਵਿਚ ਪਲੇਗ, ਹੈਜ਼ਾ ਜਾਂ ਛੂਤ ਦੀਆਂ ਅਜਿਹੀਆਂ ਹੋਰ ਭਿਅੰਕਰ ਬੀਮਾਰੀਆਂ ਹੀ ਨਹੀਂ ਜਿਹੜੀਆਂ ਇਕ ਆਦਮੀ ਤੋਂ ਦੂਜੇ ਆਦਮੀ ਨੂੰ ਲੱਗ ਜਾਂਦੀਆਂ

ਹਨ । ਹੁਣ ਅਸੀਂ ਵੇਖਦੇ ਹਾਂ ਕਿ ਛੂਤ ਦੀਆਂ ਹੋਰ ਵੀ ਬਹੁਤ ਸਾਰੀਆਂ ਜਾਨ-ਲੇਵਾ ਬੀਮਾਰੀਆਂ ਹਨ । ਜੇ ਕਿਸੇ ਦਿਨ ਇਹ ਪਰ ਨਿੰਦਾ ਵੀ ਅਜਿਹੀ ਹੀ ਬੀਮਾਰੀ ਸਿੱਧ ਹੋ ਜਾਵੇ ਤਾਂ ਕੀ ਹੋਵੇਗਾ ? ਇਹ ਇਕ ਅਜਿਹੀ ਬੀਮਾਰੀ ਹੈ ਜੋ ਅੱਗੇ ਚੱਲ ਕੇ ਕਿਸੇ ਦਿਨ ਪੂਰੀ ਮਹਾਂਮਾਰੀ ਦਾ ਰੂਪ ਲੈ ਸਕਦੀ ਹੈ ।

ਇਤਿਹਾਸ ਗੁਆਹ ਹੈ ਕਿ ਮਾਨਸਿਕ ਵਿਕਾਰਾਂ ਦੀਆਂ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ ਜਿਨ੍ਹਾਂ ਨੇ ਕਿਸੇ ਖਾਸ ਮਰਮ 'ਤੇ ਪੁੱਜ ਕੇ ਅਤਿਅੰਤ ਭਿਆਨਕ ਰੂਪ ਧਾਰਨ ਕਰ ਲਿਆ ਹੈ ।

ਇਸ ਲਈ ਮਾਨਸਿਕ ਰੋਗਾਂ ਉੱਤੇ ਪ੍ਰਕਾਸ਼ਿਤ ਨਵੀਆਂ ਪੁਸਤਕਾਂ ਵਿਚ ਜੇ ਅਸੀਂ ਨਿੰਦਿਆ ਦੇ ਬਾਰੇ, ਇਸ ਦੇ ਕਾਰਨਾਂ ਅਤੇ ਇਸ ਦੇ ਪ੍ਰਸਾਰ ਬਾਰੇ ਅਤੇ ਸ਼ਾਇਦ ਛੇਤੀ ਹੀ ਇਸ ਦੇ ਇਲਾਜ ਬਾਰੇ ਵੀ ਸਾਨੂੰ ਡਾਕਟਰੀ ਪੁਸਤਕਾਂ ਨਜ਼ਰ ਆਉਣ ਤਾਂ ਹੈਰਾਨੀ ਨਹੀਂ ਹੋਣੀ ਚਾਹੀਦੀ ।

ਨਿਕੋਲਾਈ ਰੇਖਿਕ

ਪੰਜਾਬੀ ਰੂਪ - ਡਾ. ਜਾਗੀਰ ਸਿੰਘ



—ਭਾਈ ਰਾਮ ਸਿੰਘ ਨਾਨਕਸਰ

# ਵਿਸਮਾਦੀ ਬੋਲਾਂ ਦਾ ਪੇਸ਼ਕਾਰ

—ਗੁਰਭਜਨ ਸਿੰਘ ਗਿੱਲ

ਕਈ ਵਰ੍ਹੇ ਪੁਰਾਣੀ ਗੱਲ ਹੈ, ਮੇਰੇ ਮਿੱਤਰ ਜਗਰਾਉਂ ਵਾਲੇ ਤਾਰਾ ਸਿੰਘ ਆਲਮ ਨੇ ਮੈਨੂੰ ਦੱਸਿਆ, ਆਹ ਨਾਨਕਸਰ ਵਾਲੇ ਬਾਬਾ ਸਾਧੂ ਸਿੰਘ ਜੀ ਕੋਲ ਇਕ ਬਿਹੰਗਮ ਸਾਧੂ ਰਹਿੰਦਾ ਹੈ, ਬੜਾ ਸੁਰੀਲਾ ਕੀਰਤਨ ਤਾਂ ਕਰਦੈ, ਨਾਲੇ ਸ਼ਿਵ ਕੁਮਾਰ ਤੇ ਪ੍ਰੋ. ਮੋਹਨ ਸਿੰਘ ਦਾ ਕਲਾਮ ਵੀ ਬੜੀ ਵਜਦ 'ਚ ਗਾਉਂਦੈ ! ਮੈਂ ਮਿਲਣ ਦੀ ਇੱਛਾ ਪ੍ਰਗਟਾਈ ! ਖ਼ੈਰ ਮੁਲਾਕਾਤ ਤਾਂ ਨਾ ਹੋਈ ਪਰ 1983 ਦੇ ਸਿਆਲ 'ਚ ਇਕ ਕੀਰਤਨ ਦਰਬਾਰ ਮੌਕੇ ਮੈਂ ਇਸ ਨਿਵੇਕਲੇ ਰਾਗੀ ਨੂੰ ਸੁਣਿਆ ਉਸੇ ਕੀਰਤਨ ਦਰਬਾਰ ਵਿਚ ਪ੍ਰੋ. ਦਰਸ਼ਨ ਸਿੰਘ, ਭਾਈ ਹਰਬੰਸ ਸਿੰਘ, ਭਾਈ ਬਲਵਿੰਦਰ ਸਿੰਘ ਰੰਗੀਲਾ, ਭਾਈ ਦੇਵਿੰਦਰ ਸਿੰਘ ਨਬੀਪੁਰ, ਭਾਈ ਬਖ਼ਸ਼ੀਸ਼ ਸਿੰਘ ਵਰਗੇ ਪ੍ਰਮਾਣੀਕ ਰਾਗੀ ਸੁਣਨ ਉਪਰੰਤ ਜਦੋਂ ਇਸ ਨਿਵੇਕਲੇ ਅੰਦਾਜ਼ ਦੇ ਕੀਰਤਨੀਏ ਭਾਈ ਰਾਮ ਸਿੰਘ ਜੀ ਨੂੰ ਸੁਣਿਆ ਤਾਂ ਰੂਹ ਲਰਜ਼ਾ ਗਈ। ਸਿਆਲ ਦਾ ਆਖ਼ਰੀ ਪਹਿਰ, ਰਾਤ ਵੀ ਅੱਧੀਓਂ ਉਤਾਂਹ ਭਾਈ ਰਾਮ ਸਿੰਘ ਨੇ "ਨਾਨਕ ਨਾਮ ਚੜ੍ਹਦੀ ਕਲਾ" ਸ਼ਬਦ ਰੂਪ ਅਲਾਇਆ। ਲੱਗ ਰਿਹਾ ਸੀ ਪੂਰੀ ਕਾਇਨਾਤ ਰਾਮ ਜੀ ਨਾਲ ਇਕ ਸੁਰ ਹੋ ਕੇ 'ਤੇਰੇ ਭਾਣੇ ਸਰਬੱਤ ਦਾ ਭਲਾ' ਮੰਗ ਰਹੀ ਹੈ। ਉਹ ਦਿਨ ਜਾਵੇ ਤੇ ਅੱਜ ਦਾ ਆਵੇ, ਮੈਂ ਭਾਈ ਰਾਮ ਸਿੰਘ ਜੀ ਦੇ ਵਿਸਮਾਦੀ ਬੋਲਾਂ ਦਾ ਅਭਿਲਾਖੀ ਸਰੋਤਾ ਰਿਹਾ ਹਾਂ !

ਭਾਈ ਰਾਮ ਸਿੰਘ ਹੁਰੀਂ ਉਮਰੋਂ ਹਾਲੇ 35ਵੇਂ ਵਰ੍ਹੇ 'ਚ ਅੱਪੜੇ ਹਨ, ਪਰ ਰਸੇ ਹੋਏ ਗਲੇ ਤੋਂ ਉਹ ਪੰਜਾਹਵਿਆਂ ਦੇ ਨੇੜੇ ਢੁਕੇ ਲਗਦੇ ਹਨ। ਰਿਆਜ਼ ਨਾਲ ਕਮਾਇਆ ਗਲਾ ਜਦੋਂ ਗੁਰਬਾਣੀ ਦੇ ਸ਼ਬਦਾਂ ਨਾਲ ਇਕ ਰਸ ਹੁੰਦਾ ਹੈ ਤਾਂ ਸਭ ਜੰਤ ਪਰਿੰਦੇ ਰੁਕ ਰੁਕ ਕੇ ਕੀਰਤਨ-ਮਾਣਦੇ ਪ੍ਰਤੀਤ ਹੁੰਦੇ ਹਨ। ਭਾਈ ਰਾਮ ਜੀ ਦਾ ਜਨਮ ਤਾਂ

ਭਾਵੇਂ 3 ਦਿਸੰਬਰ 1955 ਨੂੰ ਜਗਰਾਉਂ ਵਿੱਚ ਹੀ ਹੋਇਆ ਪਰ ਆਪ ਦਾ ਜੱਦੀ ਪਿੰਡ ਕੋਟ ਸ਼ਾਹੀਆਂ ਜ਼ਿਲਾ ਗੁਰਦਾਸਪੁਰ ਵਿੱਚ ਹੈ। ਨਾਨਕਸਰ ਵਾਲੇ ਬਾਬਾ ਈਸ਼ਰ ਸਿੰਘ ਜੀ ਨੇ ਬਾਲਕੇ ਦਾ ਨਾਮ ਰਾਮ ਸਿੰਘ ਰੱਖਿਆ। ਆਖਣ ਲੱਗੇ, ਇਹਦਾ ਨਾਮ ਲੈ ਲੈ ਕੇ ਹੀ ਲੋਕ ਤਰਨਗੇ। ਬਚਪਨ ਵਿਚ ਮੁਢਲੀ ਤਾਲੀਮ ਆਪ ਨੇ ਗੁਰੂ ਸਰ ਕਾਉਂਕੇ ਦੇ ਪ੍ਰਾਇਮਰੀ ਸਕੂਲੋਂ ਹਾਸਲ ਕੀਤੀ। ਹਾਲੇ ਪੰਜਵੀਂ ਜਮਾਤੇ ਪੜ੍ਹ ਹੀ ਰਹੇ ਸਨ ਕਿ ਪਿਤਾ ਲਛਮਣ ਸਿੰਘ ਤੇ ਮਾਤਾ ਬਸੰਤ ਕੌਰ ਨੇ ਹੋਣਹਾਰ ਪੁੱਤਰ ਰਾਮ ਸਿੰਘ ਨੂੰ ਬਾਬਾ ਸਾਧੂ ਸਿੰਘ ਜੀ ਦੀ ਝੋਲੀ ਪਾ ਦਿਤਾ। ਆਖਣ ਲੱਗੇ, ਬਾਬਾ ਜੀ। ਇਹ ਮੁੰਡਾ ਅੱਜ ਤੋਂ ਤੁਹਾਡਾ ਹੋਇਆ। ਦੋ ਭੈਣਾਂ ਤੇ ਦਿਮਾਗੋਂ ਹੌਲੇ ਇਕ ਵੀਰ ਦਾ ਭਰਾ ਰਾਮ ਸਿੰਘ ਨਾਨਕਸਰ 'ਜਗਰਾਉਂ') ਦਾ ਪੱਕਾ ਵਾਸੀ ਬਣ ਗਿਆ ਏਥੋਂ ਦੇ ਹਜ਼ੂਰੀ ਰਾਗੀ ਬਾਬਾ ਕੇਹਰ ਸਿੰਘ ਨੇ ਇਨ੍ਹਾਂ ਨੂੰ ਮੁਢਲੀ ਰਾਗ-ਵਿਦਿਆ ਬਖਸ਼ੀ।

ਜਦੋਂ ਭਾਈ ਰਾਮ ਸਿੰਘ ਤਬਲਾ ਤੇ ਹਾਰਮੋਨੀਅਮ ਵਜਾਉਣ ਵਿਚ ਰਿੜ੍ਹ ਪਏ ਤਾਂ ਆਪ ਦੀ ਦਿਲਚਸਪੀ ਸ਼ਾਸਤਰੀ ਸੰਗੀਤ ਵੱਲ ਜਾਗ ਪਈ ਮੁਢਲੇ ਸਫ਼ਰ ਦੌਰਾਨ ਆਪ ਨੇ ਭਾਈ ਕੇਹਰ ਸਿੰਘ ਜੀ ਨਾਲ ਹੀ ਤਬਲੇ ਤੇ ਸੰਗਤ ਕਰਨੀ ਅਰੰਭੀ। ਇਕ ਵਾਰ ਇੰਗਲੈਂਡ ਫੇਰੀ ਮੌਕੇ ਆਪ ਨੇ ਪ੍ਰਸਿੱਧ ਰਾਗੀ ਪ੍ਰੋ. ਦਰਸ਼ਨ ਸਿੰਘ ਨਾਲ ਵੀ ਤਬਲਾ ਵਜਾਇਆ। ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਵਾਈਸ ਪ੍ਰਿੰਸੀਪਲ ਸ. ਅਵਤਾਰ ਸਿੰਘ ਪਾਸੋਂ ਆਪ ਨੇ ਤਾਨਪੂਰੇ ਤੇ ਸੁਰਾਂ ਲਾਉਣ ਦੀ ਵਿਦਿਆ ਹਾਸਲ ਕੀਤੀ।

ਬਾਬਾ ਸਾਧੂ ਸਿੰਘ ਜੀ ਦੀ ਇੰਗਲੈਂਡ ਫੇਰੀ ਮੌਕੇ ਜਦੋਂ ਸਾਰੇ ਕੀਰਤਨੀ ਜਥੇ ਨੇ ਬਾਬਾ ਜੀ ਦਾ ਸਾਥ ਛੱਡ ਕੇ ਇੰਗਲੈਂਡ ਵੱਸਣ ਨੂੰ ਪਹਿਲ ਦਿੱਤੀ ਤਾਂ ਭਾਈ ਰਾਮ ਸਿੰਘ ਬਾਬਾ ਜੀ ਦੇ ਅੰਗ ਸੰਗ ਰਹੇ। ਬਾਬਾ ਜੀ ਨੇ ਆਖਿਆ, 'ਅੱਜ ਤੋਂ ਰਾਮ ਸਿੰਘ ਕੀਰਤਨ ਕਰੇਗਾ।' ਉਸ ਦਿਨ ਮਗਰੋਂ ਭਾਈ ਰਾਮ ਸਿੰਘ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ।

ਭਾਈ ਰਾਮ ਸਿੰਘ ਨਾਨਕਨਸਰ ਵਾਲਿਆਂ ਨੇ ਲਗਪਗ 10 ਕੈਸਿਟਾਂ ਰਾਹੀਂ ਕੀਰਤਨ ਨੂੰ ਲੋਕਾਂ ਦੇ ਘਰਾਂ ਤੀਕ ਪਹੁੰਚਾਇਆ ਹੈਂ ਪਹਿਲੀ ਕੈਸਟ 'ਨਾਨਕ ਨਾਮ ਚੜ੍ਹਦੀ ਕਲਾ' ਤੋਂ ਲੈ ਕੇ ਤਾਜ਼ਾ ਕੈਸਿਟ 'ਆਦਿ ਗੁਰੂ ਨਮਹ' ਤੀਕ ਰਾਮ ਸਿੰਘ ਜੀ ਨੇ ਗੁਰਬਾਣੀ ਕੀਰਤਨ ਨੂੰ ਸੁਰੀਲੇ ਅੰਦਾਜ਼ ਵਿਚ ਪ੍ਰਸਤੁਤ ਕੀਤਾ ਹੈ ਮਿਊਜ਼ੀਕਲ ਵਾਇਸ ਆਫ਼ ਇੰਡੀਆ (ਐਮ. ਵੀ. ਆਈ.) ਨੂੰ ਇਹ ਫ਼ਖਰ ਹਾਸਲ ਹੈ ਕਿ ਬਹੁਤੇ ਨੰਬਰ ਉਨ੍ਹਾਂ ਨੇ ਹੀ ਰਿਲੀਜ਼ ਕੀਤੇ ਹਨ। ਕੀਰਤਨ ਕਰਦਿਆਂ ਉਹ ਕਥਾ ਪ੍ਰਮਾਣ ਦੇਣ ਵਿਚ ਵੀ ਪ੍ਰਵੀਨ ਹਨ। ਮਹੱਤਵ ਪੂਰਨ ਹਸਤੀਆਂ ਦੀਆਂ ਲਿਖਤਾਂ 'ਚ ਪ੍ਰਮਾਣ ਦੇ ਦੇ ਕੇ ਭਾਈ ਰਾਮ ਜੀ ਅਲੌਕਿਕ ਮਾਹੌਲ ਬੰਨ੍ਹਦੇ ਹਨ। ਕੀਰਤਨ ਕਰਦਿਆਂ ਕਥਾ ਕਰਨੀ ਭਾਵੇਂ ਕੋਈ ਸਿਫਤ ਯੋਗ ਰੁਝਾਣ ਨਹੀਂ ਪਰ ਰਾਮ ਸਿੰਘ ਜੀ ਦੁਆਰਾ ਕੀਤੀ ਕਥਾ ਸੰਗੀਤ ਦਾ ਹੀ ਹਿੱਸਾ ਜਾਪਦੀ ਹੈ। ਉਨ੍ਹਾਂ ਦੀਆਂ ਸਭ ਕੈਸਿਟਾਂ ਦਾ ਸੰਗੀਤ

ਵੀ ਐਚ. ਐਮ. ਸਿੰਘ (ਭੁੱਝੀ) ਦੇਂਦਾ ਹੈ। ਭਾਈ ਵੀਰ ਸਿੰਘ, ਸ਼ਿਵ ਕੁਮਾਰ ਤੇ ਪ੍ਰੋ. ਮੋਹਨ ਸਿੰਘ ਦਾ ਕਲਾਮ ਗਾਉਣ ਦਾ ਵੀ ਭਾਈ ਸਾਹਿਬ ਨੂੰ ਸ਼ੌਕ ਹੈ।

ਪਿਛਲੇ ਕੁਝ ਮਹੀਨਿਆਂ ਤੋਂ ਭਾਈ ਰਾਮ ਸਿੰਘ ਨਾਨਕਸਰ ਨਹੀਂ ਰਹਿ ਰਹੇ। ਇਸਦਾ ਕਾਰਨ ਭਾਈ ਰਾਮ ਸਿੰਘ ਨੂੰ ਸੰਗਤਾਂ ਵੱਲੋਂ ਹੱਦੋਂ ਵੱਧ ਪਿਆਰ ਮਿਲਣਾ ਹੈ, ਗਲ ਪਾਏ ਕਪੜੇ ਚੁੱਕ ਕੇ ਭਾਈ ਰਾਮ ਸਿੰਘ ਨੇ ਆਪਣੇ ਪਿਤਾ ਸਰੂਪ ਬਾਬਾ ਸਾਧੂ ਸਿੰਘ ਨੂੰ ਚਰਨ-ਬੰਦਨਾ ਕੀਤੀ ਤੇ ਕਿਹਾ ਬਾਬਾ ਜੀ ! ਮੇਰੇ ਐਬ ਬਖਸ਼ ਦਿਓ। ਏਨੀ ਹੀ ਪ੍ਰੀਤ ਨਿਭਣੀ ਸੀ। ਨਾਨਕਸਰ ਦਾ ਅਣਸੁਖਾਵਾਂ ਮਾਹੌਲ ਭਾਈ ਰਾਮ ਸਿੰਘ ਨੂੰ ਰਾਸ ਨਾ ਆਇਆ ਤੇ ਉਹ ਹੁਣ ਹਰਿਦੁਆਰ ਆਪਣੇ ਸ਼ੁਭ ਚਿੰਤਕ ਅਤੇ ਵਿਚਾਰਕ ਸੁਆਮੀ ਪਰਮਾਨੰਦ ਜੀ ਦੇ ਆਸ਼ਰਮ ਵਿਚ ਚਲੇ ਗਏ ਹਨ। ਸੁਆਮੀ ਪਰਮਾਨੰਦ ਅਤੇ ਭਾਈ ਰਾਮ ਸਿੰਘ ਨੇ ਗੈਰ-ਪੰਜਾਬੀ ਖਿੱਤਿਆਂ ਵਿਚ ਗੁਰਬਾਣੀ ਪਹੁੰਚਾਉਣ ਦਾ ਉਪਰਾਲਾ ਆਰੰਭਿਆ ਹੈ। ਪਿਛਲੇ ਦਿਨੀਂ ਬੰਬਈ ਵਿਖੇ ਸਿੰਧੀ ਸੰਗਤ ਨੂੰ ਭਾਈ ਰਾਮ ਸਿੰਘ ਜੀ ਕੀਰਤਨ ਤੇ ਕਥਾ ਸੁਣਾ ਕੇ ਆਏ ਹਨ। ਆਪ ਨੇ ਜ਼ਿੰਦਗੀ ਦਾ ਆਦਰਸ਼ ਹੀ ਗੁਰਬਾਣੀ ਦੀ ਮਹਿਕ ਉਨ੍ਹਾਂ ਨੁੱਕਰਾਂ ਤੀਕ ਪਹੁੰਚਾਉਣ ਮਿਥ ਲਿਆ ਹੈ, ਜਿਥੇ ਇਹ ਸਵੱਛ ਪੌਣ ਹਾਲੇ ਨਹੀਂ ਗਈ।

ਨਾਨਕਸਰ ਵਾਲੇ ਬਾਬਾ ਸਾਧੂ ਸਿੰਘ ਨਾਲੋਂ ਵਿਛੜਾ ਸਾਜਸ਼ੀ ਮਾਹੌਲ ਨੇ ਕਰਵਾਇਆ ਹੈ। ਅੱਜ ਵੀ ਭਾਈ ਰਾਮ ਸਿੰਘ ਬਾਬਾ ਸਾਧੂ ਸਿੰਘ ਦਾ ਨਾਮ ਸੁਣਕੇ ਦ੍ਰਵਿਤ ਹੋ ਜਾਂਦੇ ਹਨ। ਆਖਦੇ ਹਨ ! "ਮੇਰੀ ਅਥਾਹ ਸ਼ਰਧਾ ਨੂੰ ਚਾਲਾਕ ਲੋਕਾਂ ਨੇ ਗਲਤ ਸਮਝਿਆ।" ਸ਼ਾਇਦ ਇਸੇ ਹੀ ਕਰਕੇ ਮੈਂ ਆਪਣੇ ਦਸ਼ਰਥ ਪਿਤਾ ਤੋਂ ਦੂਰ ਬਨਵਾਸ ਲਿਆ ਹੈ। ਐਸਾ ਬਨਵਾਸ ! ਸੋ ਭਾਈ ਰਾਮ ਜੀ ਨੇ ਕੈਕਈ ਵਰਗੇ ਦਿਮਾਗਾ ਦੀ ਸਾਜਿਸ਼ ਤੋਂ ਦੁਖੀ ਹੋ ਕੇ ਖ਼ੁਦ ਕਬੂਲਿਆ ਹੈ।

ਨਾਨਕਸਰ ਵਾਲੇ ਲੋਕ ਜਾਣਦੇ ਹਨ ਕਿ ਭਾਈ ਰਾਮ ਜੀ ਦੀ ਪ੍ਰਸਿੱਧੀ ਅਤੇ ਕੀਰਤੀ ਦੇਸ਼-ਦੇਸ਼ਾਂਤਰਾਂ ਦੀਆਂ ਲੀਕਾਂ ਪਾਰ ਕਰਕੇ ਬ੍ਰਹਿਮੰਡ ਵਿਚ ਪਹੁੰਚ ਚੁੱਕੀ ਸੀ। ਇਹੀ ਗੱਲ ਰਾਮ ਸਿੰਘ ਜੀ ਲਈ ਨਿਕਾਲੇ ਦਾ ਆਧਾਰ ਬਣੀ। ਭਾਈ ਰਾਮ ਸਿੰਘ ਆਖ਼ਦੇ ਹਨ, ਨਾਨਕਸਰ ਸੰਪਰਦਾਇ ਦੇ ਬਾਨੀ ਬਾਬਾ ਨੰਦ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਹੀ ਮੈਂ ਤੁਰਦਾ ਰਹਾਂਗਾ। ਉਨ੍ਹਾਂ ਦੀਆਂ ਗਾਹੀਆਂ ਪਗਡੰਡੀਆਂ ਜਰਨੈਲੀ ਸੜਕਾਂ ਬਣਨੀਆਂ ਚਾਹੀਦੀਆਂ ਹਨ। ਉਨ੍ਹਾਂ ਦੀ ਮਨਸ਼ਾ ਹੈ ਕਿ ਉਨ੍ਹਾਂ ਤੋਂ ਬਿਨ੍ਹਾਂ ਸੰਗਤ ਟਰਸਟ ਬਣਾ ਕੇ ਗੁਰਬਾਣੀ ਸੰਚਾਰ, ਪ੍ਰਚਾਰ ਤੇ ਪ੍ਰਸਾਰ ਦਾ ਕੇਂਦਰ ਉਸਾਰੇ। ਪਤਾ ਲੱਗਾ ਹੈ ਕਿ ਅਜਿਹਾ ਕੇਂਦਰ ਲੁਧਿਆਣਾ ਜ਼ਿਲ੍ਹੇ ਵਿਚ ਹੀ ਉਸਾਰਨ ਖ਼ਾਤਰ ਟਰਸਟ ਬਣ ਗਿਆ ਹੈ।

ਭਾਈ ਰਾਮ ਸਿੰਘ ਜੀ ਨੂੰ ਹਰਿਦੁਆਰ ਵਾਲੇ ਸਵਾਮੀ ਪਰਮਾਨੰਦ ਜੀ ਪਾਸੋਂ ਤੁਲਨਾਤਮਕ ਧਰਮ-ਸੋਝੀ ਦੀ ਪ੍ਰਾਪਤੀ ਹੋ ਰਹੀ ਹੈ। ਇਹ ਵਿਦਵਾਨ ਮਹਾਤਮਾ

ਪਰਮਾਨੰਦ ਜੀ ਤੁਲਨਾਤਮਕ ਧਾਰਮਕ ਗਰੰਥਾਂ ਦੀ ਪੂਰਨ ਸੂਝ ਰੱਖਦੇ ਹਨ। ਭਾਈ ਰਾਮ ਸਿੰਘ ਜੀ ਨੇ ਗ੍ਰਿਹਸਤ ਆਸ਼ਰਮ ਵਿਚ ਪ੍ਰਵੇਸ਼ ਨਹੀਂ ਕੀਤਾ ਤੇ ਨਾ ਹੀ ਕਰਨ ਦੀ ਕੋਈ ਇੱਛਾ ਹੈ। ਭਾਈ ਰਾਮ ਸਿੰਘ ਆਖਦੇ ਹਨ ਕਿ ਨਾਨਕਸਰ ਸੰਪਰਦਾਇ ਦੀਆਂ ਸਭ ਚੰਗੀਆਂ ਗੱਲਾਂ ਅਪਣਾ ਕੇ ਛੱਡਣ ਯੋਗ ਛੱਡ ਦਿੱਤੀਆਂ ਜਾਣਗੀਆਂ ਜਾਂ ਸੋਧ ਲਈਆਂ ਜਾਣਗੀਆਂ ਕਿਉਂਕਿ ਝੂਠ ਬੋਲਣ ਨਾਲੋਂ ਤਬਦੀਲੀ ਕਿਤੇ ਚੰਗੀ ਚੀਜ਼ ਹੈ। ਉਨ੍ਹਾਂ ਕਿਹਾ, ਮੇਰੀ ਮੰਜ਼ਿਲ ਗੁਰਬਾਣੀ-ਸੰਚਾਰ ਹੈ। ਵਿਅਕਤੀਗਤ ਪ੍ਰਚਾਰ ਨਹੀਂ, ਪੰਜਾਬ ਦੇ ਵਰਤਮਾਨ ਸੰਤਾਪ ਤੋਂ ਚਿੰਤਾਤੁਰ ਭਾਈ ਰਾਮ ਜੀ ਆਖਦੇ ਹਨ, ਕਿਤੇ ਪੰਜਾਬੀ ਹੱਸਣਾ ਗਾਉਣਾ, ਨੱਚਣਾ, ਕੁੱਦਣਾ ਭੁੱਲ ਹੀ ਨਾ ਜਾਣ। ਰੱਬ ਖੈਰ ਕਰੇ! ਆਖਦੇ ਹਨ, ਅਸੀਂ ਤਾਂ ਸੱਜਣ ਠੱਗ ਤੋਂ ਵੀ ਗਏ ਗੁਜ਼ਰੇ ਹਾਂ। ਉਹ ਵੀ ਬਾਣੀ ਦਾ ਇਕ ਸ਼ਬਦ ਸੁਣ ਕੇ ਬਦਲ ਗਿਆ ਪਰ ਅਸੀਂ ਉਵੇਂ ਹੀ ਵੱਢੂੰ ਖਾਊਂ ਕਰੀ ਜਾ ਰਹੇ ਹਾਂ। ਪ੍ਰਸਿੱਧ ਨਾਟਕਕਾਰ ਡਾ: ਹਰਚਰਨ ਸਿੰਘ ਵੱਲੋਂ ਬਣਾਏ ਲੜੀਵਾਰੀ ਟੈਲੀ-ਸੀਰੀਅਲ 'ਏਕਸ ਕੇ ਹਮ ਬਾਰਿਕ' ਵਿਚ ਰਾਮ ਸਿੰਘ ਜੀ ਨੇ ਹੀ ਸ਼ਬਦ ਗਾਏ ਹਨ। ਜਲੰਧਰ ਟੀ. ਵੀ. ਦੇ ਪ੍ਰੋਗਰਾਮ ਕੁਦਰਤ ਦੇ ਸਭ ਬੰਦੇ ਵਿਚ ਵੀ ਭਾਈ ਰਾਮ ਸਿੰਘ ਜੀ ਕਈ ਵਾਰ ਗੁਰਬਾਣੀ ਗਾਇਨ ਕਰ ਚੁਕੇ ਹਨ।

—0—

---

## ਲੇਖਕਾਂ ਪ੍ਰਤੀ ਨੋਟ

**ਲੇਖਕਾਂ ਅੱਗੇ ਬੇਨਤੀ ਕੀਤੀ ਜਾਂਦੀ ਹੈ ਕਿ ਸਾਨੂੰ ਲੇਖ ਭੇਜਣ ਤੋਂ ਪਹਿਲਾਂ ਆਪਣੇ ਲੇਖ ਵਿਚ ਆਈਆਂ ਗੁਰਬਾਣੀ ਦੀਆਂ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਚੰਗੀ ਤਰ੍ਹਾਂ ਸੋਧ ਲੈਣ। ਲੇਖ ਕਾਗਜ਼ ਦੇ ਇਕ ਪਾਸੇ ਹੀ ਲਿਖਿਆ ਹੋਵੇ ਜੀ।**

**—ਸੰਪਾਦਕ**

---

## ਜ਼ਰੂਰੀ ਬੇਨਤੀ

ਜ਼ਰੂਰੀ ਬੇਨਤੀ ਹੈ ਕਿ ਆਪਣੇ ਬਦਲੇ ਹੋਏ ਐਡਰੈਸ ਲਈ ਪੱਤ੍ਰਕਾ ਦੇ ਦਫਤਰ ਨੂੰ ਫ਼ੌਰਨ ਸੂਚਿਤ ਕਰੋ ਜੀ ਤਾਂ ਜੁ ਪਰਚਾ ਬੇਅਰਥ ਨਾ ਜਾਵੇ, ਕਿਤੇ ਰੁਲਦਾ ਨਾ ਰਹੇ ਅਤੇ ਕੋਈ ਸੱਜਣ ਇਸ ਨੂੰ ਪੜ੍ਹਕੇ ਲਾਭ ਹੀ ਨਾ ਉਠਾ ਸਕੇ।

—ਸੰਪਾਦਕ

—0—



# ਪੁਰਾਤਨ ਕੀਰਤਨਕਾਰਾਂ ਦੀ ਦਾਸਤਾਨ

— ਟੀ. ਸੀ. ਨਾਗਪਾਲ

ਭਾਈ ਚਾਂਦ ਜੀ

ਪਿਛਲੇ ਅੰਕ ਨੰ : 15 (ਅਗਸਤ 1990 ਤੋਂ ਅੱਗੇ)

ਪਿਛਲੇ ਅੰਕ ਵਿਚ ਦਾਸ ਨੇ ਸਵ: ਭਾਈ ਚਾਂਦ ਰਬਾਬੀ ਜੀ ਦੀ ਕੁਝ ਕਲਾਕਾਰੀ ਸੰਬੰਧੀ ਇਕ ਉਰਦੂ-ਕਵਿਤਾ ਨੂੰ ਪੰਜਾਬੀ-ਲਿਪੀ ਵਿਚ ਅਰਥਾਂ ਸਹਿਤ ਥੋੜਾ ਸਰਲ ਕਰਕੇ ਆਪਣੇ ਅਜ਼ੀਜ਼ ਅਤੇ ਮਾਨਯੋਗ ਪਾਠਕਾਂ ਦੇ ਰੂਬਰੂ ਪੇਸ਼ ਕੀਤਾ ਸੀ। ਹੁਣ ਉਸੇ ਸਬੰਧ ਵਿਚ ਦਾਸ ਕੁਝ ਵਜ਼ਾਹਤ ਨਾਲ ਨਸਰ ਦੀ ਸ਼ਕਲ ਵਿਚ ਕੁਝ ਹੋਰ ਵਿਚਾਰ ਪੇਸ਼ ਕਰਦਾ ਹੈ। ਵਾਜਹਿ ਰਹੇ : ਕਿ ਕੋਈ ਭੀ ਦੁਨੀਆਂਦਾਰੀ ਸ਼ਖਸ ਦੁਨੀਆਂ ਵਿਚ ਕਿੰਨਾ ਭੀ ਆਲਮ-ਫਾਜਲ ਦਾਨਿਸ਼ਮੰਦ ਕਿਉਂ ਨਾ ਹੋਵੇ ਉਸਦੇ ਵਿਚਾਰ ਯਾ ਕੋਈ ਇਕ ਖ਼ਾਸ ਵਿਚਾਰ ਕਦੇ ਆਖਿਰੀ ਅਤੇ ਕੱਤਈ ਨਹੀਂ ਹੁੰਦਾ। ਹਰ ਵਿਚਾਰ ਦੀ ਤਰਦੀਦ ਹੋ ਸਕਦੀ ਹੈ। ਪ੍ਰੰਤੂ ਇਹ ਅਸੂਲ ਰੱਬੀ ਯਾਦ ਪਿਆਰ ਵਿਚ (ਮੁਸਤਗਰਕ) ਗਹਿਰੀਆਂ ਡੁੱਬੀਆਂ ਇਕ ਸੁਰ ਹੋਈਆਂ ਪੁੱਗੀਆਂ ਰੂਹਾਂ ਉੱਤੇ ਲਾਗੂ ਨਹੀਂ ਹੁੰਦਾ। ਹਾਂ : ਗੁਰਬਾਣੀ ਦਾ ਇਕ ਫੁਰਮਾਣ ਹੈ ਕਿ :—

"ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥ ਕਿਸੈ ਥੋੜੀ ਕਿਸੈ ਹੈ ਘਣੇਰੀ ॥

(ਮਾਝ ਮ: 3 ਪੰਨਾ 119)

ਸੋ ਅਰਜ਼ ਕਰਨ ਤੋਂ ਭਾਵ ਕਿ ਉਪਰੋਕਤ ਸਵ: ਭਾਈ ਚਾਂਦ ਜੀ ਉਪਰ ਭੀ ਈਸ਼ਵਰ ਪ੍ਰਭੂ ਦੀ ਕੁਝ ਖਾਸ ਵਧੇਰੇ ਹੀ ਨਦਰ ਸੀ। ਜੋ ਕਿ ਮੁਕਾਬਲਤ ਇਨ੍ਹਾਂ ਨੂੰ ਪ੍ਰਭੂ ਨੇ ਇੱਕਠੇ ਦਰਜਨਾਂ ਵਧੇਰੇ ਹੀ ਗੁਣ ਬਖਸ਼ੇ ਸਨ। ਹਾਂ ਪਹਿਲੇ ਦਾਸ ਇਨ੍ਹਾਂ ਦਾ ਕੁਝ ਕੁ ਹਸਬ-ਨਸਬ ਬਿਆਨ ਕਰਦਾ ਹੈ। ਆਪ ਜੀ ਦਾ ਬਚਪਨ-ਨਾਮ ਚਰਾਗ ਸੀ। ਅਤੇ ਬਾਦ-ਅਜ਼ਾਂ ਆਪਜੀ ਦੇ ਹੋਣਹਾਰ ਹੋਣ ਦੀ Ground ਤੇ ਇਨ੍ਹਾਂ ਦੇ ਕਿਸੇ ਬਜ਼ੁਰਗ ਨੇ ਆਪ ਜੀ ਦਾ ਨਾਮ ਭਾਈ ਚਾਂਦ ਰੱਖ ਦਿੱਤਾ। ਆਪ ਜੀ ਦੇ ਪਿਤਾ ਜੀ ਦਾ ਨਾਮ ਮਾਨਯੋਗ ਭਾਈ ਸਰਦਾਰਾ ਸੀ। ਆਪ ਜੀ ਦਾ ਪਿੰਡ ਗਾਲਬਨ ਜੱਲੋ ਲਾਗੇ ਮੁਨਾਂਵਾਂ ਸੀ, ਪਰ Public/Stage ਤੇ ਆਪ ਜੀ ਭਾਈ ਚਾਂਦ ਸੁਤਲਾਨੀ ਵਾਲੇ ਦੇ ਨਾਮ ਨਾਲ ਆਏ, ਮਕਬੂਲ ਅਤੇ ਮਸ਼ਹੂਰ ਹੋਏ। ਸ਼ਾਇਦ ਸੰਨ 1936 ਈ: ਜਦ ਕਿ ਆਪ ਜੀ ਦੀ ਰਿਹਾਇਸ਼ ਕਟੜਾ ਮੋਤੀ ਰਾਮ ਅੰਦਰੂਨ ਲੋਹਗੜ੍ਹ-ਗੇਟ, ਅੰਮ੍ਰਿਤਸਰ ਤੇ ਦਾਸ ਨੇ (ਭਾਈ ਚਾਂਦ ਰਬਾਬੀ ਸੁਤਲਾਨੀ-ਵਾਲੇ) ਨਾਮ ਦਾ ਬੋਰਡ ਲਟਕਿਆ ਵੇਖਿਆ ਸੀ।

ਮੁੱਢਲੀ ਖ਼ਾਸ ਰੱਬੀ ਦਾਤ ਆਪ ਜੀ ਦਾ ਗਲਾ ਬਹੁਤ ਸੁਰੀਲਾ ਲਚਕਦਾਰ ਅਤੇ ਮੀਂਡ ਭਰਿਆ ਸੀ। ਆਪ ਜੀ ਸਵ: ਰਬਾਬੀ: ਸਾਂਈ ਅਖਤਰ ਹੁਸੈਨ ਵਾਂਗ ਹੇਠਲੀ ਦਰਮਿਆਨੀ ਅਤੇ ਉਪਰਲੀ ਹਰ ਆਵਾਜ਼ ਵਿਚ ਆਪਣੀ ਕਲਾਕਾਰੀ ਦਾ ਮੁਜ਼ਾਹਿਰਾ ਕਰ ਦਿਖਾਂਦੇ ਸਨ ਅਤੇ ਭਾਈ ਅਨਾਇਤ ਭੱਟੀ ਵਾਂਗ ਛੋਟੀ ਰਗੀ ਵਿਚ ਭੀ ਗਾ ਲੈਂਦੇ ਸਨ। ਕਦੇ ਕਦਾਂਈ ਆਪ ਜੀ ਜਦ ਆਸਮਾਨੇ ਹੀ ਆਵਾਜ਼ ਚੜ੍ਹਾ ਲੈਂਦੇ ਤਾਂ ਆਪ ਜੀ ਦੇ ਸਾਥੀ ਭਾਈ ਚਾਨਣ ਜੀ ਦੀ ਕਦੇ ਕਦੇ ਬੜ੍ਹੀ ਚੀਖ ਭੀ ਨਿਕਲ ਜਾਂਦੀ! ਲੇਕਿਨ ਆਪ ਜੀ ਦੀ ਜ਼ਾਤੀ ਗਾਇਕੀ ਵਿਚ ਕਦੇ ਕੱਤਨ ਕੋਈ ਫ਼ਰਕ ਨਾਂ ਪੈਂਦਾ।

ਆਪ ਜੀ ਦੀ ਅਸਲ ਮਕਬੂਲੀਅਤ ਅਤੇ ਕਾਬਲੀਅਤ: ਵ: ਹਰ-ਦਿਲ ਅਜ਼ੀਜ਼ ਹੋਣ ਦੀ ਖ਼ਾਸ ਵਜਾ ਇਹ ਭੀ ਸੀ ਕਿ ਆਪ ਜੀ ਅੰਦਰ ਆਗਾਜ਼ ਤੋਂ ਹੀ ਇਹ ਕੁਝ ਗੋਰਵਤਾ ਭਰਿਆ ਚਾਅ ਜ਼ੌਕ ਅਤੇ ਸ਼ੌਕ ਕੁੱਦਿਆ ਹੋਇਆ ਸੀ ਅਤੇ ਅਹਿਸਾਸ ਸੀ ਕਿ "ਮੈਂ ਰਬਾਬੀ-ਪੁੱਤਰ ਹਾਂ। ਸਿਹਤ ਮੰਦ ਨੌ-ਜਵਾਨ ਹਾਂ। ਕਾਮਲ ਮੁਰਸ਼ਦ ਦਾ ਸ਼ਿਸ਼ ਹਾਂ। ਪ੍ਰਭੂ ਨੇ ਫਿਰ ਗਲੇ ਦੀ ਦਾਤ ਬਖ਼ਸ਼ੀ ਹੈ। ਮੈਨੂੰ ਆਪਣੇ ਸਮੇਂ ਦੇ ਕਿਸੇ ਹੋਰ ਹਮ ਪੇਸ਼ਾ ਕੀਰਤਨ-ਕਾਰ ਤੋਂ ਪਿੱਛੇ ਰਹਿਣਾ ਜ਼ੇਬ ਨਹੀਂ ਦੇਊ"! ਸੋ ਇਸੇ ਲਗਨ ਵਿਚ ਆਪ ਜੀ ਨੇ ਕਦੀ ਆਪਣੀ ਜਾਨ-ਮਾਰੀ ਦੀ ਪ੍ਰਵਾਹ ਨਹੀਂ ਸੀ ਕੀਤੀ।

ਆਪ ਜੀ ਸ਼ਬਦ-ਕੀਰਤਨ ਦੀ ਡਿਊਟੀ ਤੇ ਬੈਠਕੇ ਜਦ ਗੁਰੂ ਕਾ ਕੀਰਤਨੀ ਹੋਣ ਦਾ ਸੁਭਾਗ ਪ੍ਰਾਪਤ ਕਰਦੇ ਤਾਂ ਫਿਰ ਆਪਣੀ ਹੱਦੋਂ ਵੱਧ ਵਾਹ ਲਗਾ ਦੇਂਦੇ। ਕੋਟ ਵਾਸਕਟ ਉਤਾਰ ਦੇਂਦੇ। ਆਪਣੀ ਜ਼ੋਰਦਾਰ ਕਾਰਗੁਜ਼ਾਰੀ ਤੋਂ (ਖਾਂ ਸਾਹਿਬ ਆਲਮਗੀਰ ਬੈਂਡ ਮਾਸਟਰ) ਵਾਂਗ ਖੁਦ ਭੀ ਰਸ ਮਾਣਦੇ ਅਤੇ ਸ੍ਰੋਤਿਆਂ ਦੇ ਪੱਲੇ ਭੀ ਕੁਝ ਪਾਉਣ ਦੀ ਹਮੇਸ਼ਾ ਮੰਨ ਅੰਦਰ ਭਾਵਨਾ ਰਖਦੇ। ਭਾਵੇਂ ਆਪ ਜੀ ਪਸੀਨਾ ਪਸੀਨਾ ਕਿਉਂ ਨਾਂ ਹੋ ਜਾਂਦੇ?

ਗੱਲਾਂ 'ਚੋਂ ਗੱਲ : ਹਰ ਫ਼ਨ ਮੌਲਾ ਯਾ ਸਰਬ-ਕਲਾ ਸਮਰੱਥ ਤਾਂ ਵਾਹਿਗੁਰੂ ਅਕਾਲ ਪੁਰਖ ਆਪ ਹੀ ਹੈ। ਉਸਦੀ ਇਤਨੀ ਵੱਡੀ ਕਾਇਨਾਤ ਦੀ ਬੇ-ਪਨਾਹ ਭਾਰੀ ਅਤੇ ਅਥਾਹ, (ਬਹਿਰੇ-ਬੇ-ਕਰਾਂ) ਮਸ਼ੀਨਰੀ ਵਿਚ ਸਾਡੇ ਆਮ ਮਨੁਖਾਂ ਦੀ ਹੁਨਰਮੰਦੀ ਸਲਾਹੀਯਤ ਆਰਟ ਯਾ ਅਹਿਮੀਅਤ ਤਾਂ ਦਰ-ਅਸਲ ਇਕ Nominal ਜ਼ੱਰੇ ਯਾ ਕਿਣਕੇ ਮਾਤਰ ਭੀ ਨਹੀਂ, ਫਿਰ ਭੀ ਈਸ਼ਵਰ ਨੇ ਜੋ ਮਹਿਦੂਦ ਸਲਾਹੀਯਤਾਂ ਬਾਨੀ Abilities ਸਾਨੂੰ ਬਖਸ਼ੀਆਂ ਹਨ, ਉਸ ਸ਼ੁਕਰ ਗੁਜ਼ਾਰੀ ਅਧੀਨ ਸਾਡਾ ਭੀ ਕੁਝ ਫ਼ਰਜ਼ ਬਣ ਜਾਂਦਾ ਹੈ ਕਿ ਆਪਣੀ ਆਪਣੀ ਜਗ੍ਹਾ ਅਸੀਂ ਲਗਦੀ ਵਾਹ ਆਪਣੀ ਮਿਹਨਤ ਇਮਾਨ-ਦਾਰੀ ਅਤੇ ਲਗਨ ਨਾਲ ਆਪਣੇ ਕਿੱਤੇ ਯਾ ਧੰਧੇ ਵਿਚ ਵੱਧ ਤੋਂ ਵੱਧ ਮੁਹਾਰਤ ਹਾਸਿਲ ਕਰਕੇ ਆਪਣੇ ਕੰਮ ਯਾ ਕਾਰਗੁਜ਼ਾਰੀ ਨੂੰ ਮਨੁੱਖੀ ਸਮਾਜ ਦੀ ਬਿਹਤਰੀ ਭਲਾਈ ਲਈ ਵਰਤੀਏ। ਇਸੇ ਵਿਚ ਸਾਨੂੰ ਕਦਰੇ ਕਲੱਬੀ-ਸਕੂਨ ਭੀ ਮਿਲ ਸਕਦਾ ਹੈ। ਧਨ ਦੀ ਪ੍ਰਾਪਤੀ ਭੀ ਹੋ ਸਕਦੀ ਹੈ। ਇੱਜ਼ਤ ਸ਼ੁਹਰਤ ਅਤੇ ਨਾਮ ਭੀ ਕਮਾਇਆ ਜਾ ਸਕਦਾ ਹੈ ਅਤੇ ਦੂਜਿਆਂ ਦਾ ਭੀ ਕੁਝ ਸਵਾਰਿਆ ਜਾ ਸਕਦਾ ਹੈ ਵਰਨਾਂ ਅਧੂਰੇ ਅਨਾੜੀ ਅਤੇ ਚਲਾਵੇਂ ਕੰਮ ਵਿਚ ਤਾਂ ਇਨਸਾਨ ਅਖ਼ੀਰ ਹਰ ਪਾਸਿਓਂ ਨਾਕਾਮ ਹੀ ਨਜ਼ਰ ਆਉਂਦਾ ਹੈ ਅਤੇ ਇੰਜ ਸਮਾਜ ਵਿਚ ਅਪ-ਜਸ ਦਾ ਭੀ ਭਾਗੀ ਬਣਦਾ ਹੈ! ਅਤੇ ਕਦੇ ਕਦੇ ਬੇ-ਮੁਰਸ਼ਦ ਹੋਣ ਦਾ ਤਾਨ੍ਹਾ ਭੀ ਸਹਾਰਦਾ ਹੈ। ਪਾਠਕ ਸੱਜਨ ਮੁਆਫ਼ੀ ਦੇਣ ਰੂ-ਬਰੂ ਕੋਈ ਗੱਲ ਕਰੀਏ ਤਾਂ ਕੁਝ ਮਿੰਟਾਂ ਵਿਚ ਹੀ ਕਾਫ਼ੀ ਬਿਆਨ ਹੋ ਜਾਂਦਾ ਹੈ ਪਰ ਜੇ ਲਿਖਣ ਲਗੀਏ ਤਾਂ ਦਰਜਨਾਂ ਸਫੇ ਫਿਰ ਭਰਨ ਲਗਦੇ ਹਨ ਸੋ ਪਾਠਕ ਸਜਨ ਕਿਧਰੇ ਉਕਤਾ ਨਾ ਜਾਣ ਯਾ ਬੋਰਿੰਗ ਮਹਿਸੂਸ ਨਾ ਕਰਨ, ਇਸ Point ਨੂੰ ਦਾਸ ਇਸੇ ਲਈ ਇਥੇ ਖਤਮ ਕਰਦਾ ਹੈ। ਅਤੇ ਅਸਲ ਮਜ਼ਬੂਨ ਵੱਲ ਆਉਂਦਾ ਹੈ।

ਹਾਂ ਭਾਈ ਚਾਂਦ ਜੀ ਦੀ ਖਾਸ ਅਹਿਮੀਅਤ ਇਸ ਗੱਲੋਂ ਨਹੀਂ ਕਿ ਆਪ ਜੀ ਕੋਈ ਬਹੁਤ ਵੱਡੇ ਸੰਗੀਤਕਾਰ ਯਾ ਬੇ-ਮਿਸਾਲ (Classical Musician) ਸਨ। ਇਸ ਪੱਖੋਂ ਤਾਂ ਆਪ ਜੀ ਆਪਣੀ ਹੀ ਬਰਾਦਰੀ (ਘਰਾਣੇ ਦੇ ਉਸ ਦੌਰ ਦੇ ਗਿਣੇ ਚੁਣੇ ਉਸਤਾਦ ਟਾਈਪ ਕਲਾਕਾਰਾਂ ਤੋਂ ਦਰਜਾ ਦੋਇਮ ਹੀ ਸਨ। ਆਪ ਜੀ ਦੀ ਖਾਸ ਖੂਬੀ ਇਹ ਸੀ ਕਿ ਆਪ ਜੀ ਨੇ ਆਪਣੇ ਕੀਰਤਨ ਕਰਨ ਦੀ ਵਿਧੀ ਇਕ ਆਪਣੇ ਹੀ ਵਿਲੱਖਣ ਢੰਗ ਦੀ ਚੁਣੀ। ਸ਼ਬਦ ਗੁਰਬਾਣੀ ਨੂੰ ਆਪਣੀ ਗਾਇਕੀ ਦੇ ਨਾਲ ਸਰਲ ਕਰਕੇ, ਨਿਖਾਰਕੇ, ਨਿਤ ਨਵੇਂ ਮਜ਼ਮੂਨ (Subject) ਦੀ ਸ਼ਕਲ ਵਿਚ ਲਗਦੀ ਵਾਹ ਗੁਰਮਤ ਦੇ ਸਿਧਾਂਤਾਂ ਨੂੰ ਸ੍ਰੋਤਿਆਂ ਤੱਕ ਪਹੁੰਚਾਣ ਦਾ ਜ਼ੋਰਦਾਰ ਉਪਰਾਲਾ ਕੀਤਾ। ਦੂਜੇ ਪਾਸੇ ਗਾਉਣ ਵਜਾਉਣ ਦੇ ਪੱਖੋਂ ਆਪ ਜੀ ਨੇ ਸਿਰਫ ਇੱਕ ਸਾਥੀ ਦੀ ਮਦਦ ਨਾਲ ਪੂਰੇ ਇਕ ਕਵਾਲ-ਗਰੁੱਪ ਦੀ ਯਥਾ ਸ਼ਕਤੀ ਡਿਊਟੀ ਨਿਭਾਈ। ਆਪ ਜੀ ਗੁਰਬਾਣੀ ਦੀਆਂ ਪੰਗਤੀਆਂ ਨੂੰ ਗੁਰਬਾਣੀ ਰਾਹੀਂ ਹੀ ਸਰਲ ਅਤੇ ਆਸਾਨ ਕਰਦੇ। ਪਰ ਨਾਲ ਨਾਲ ਆਪ ਜੀ ਆਮ ਸਰੋਤਿਆਂ ਦੀ ਸੁਵਿਧਾ ਲਈ ਗੁਰਬਾਣੀ ਨੂੰ ਹੋਰ ਸਪੱਸ਼ਟ ਕਰਨ ਖ਼ਾਤਿਰ ਹੱਥ ਅਤੇ ਅੱਖ ਦੇ ਇਸ਼ਾਰੇ ਅਤੇ ਬੁਤਾਵੇ ਰਾਹੀ ਭੀ ਗੁਰਮਤ ਦੇ

ਸਿਧਾਂਤਾਂ ਨੂੰ ਹੋਰ ਵਧੇਰੇ ਉਪਯੋਗੀ ਅਤੇ ਉਜਾਗਰ ਕਰਕੇ ਸੰਗਤਾਂ ਦੇ ਸਾਹਮਣੇ ਕਰਦੇ। ਲੇਕਿਨ ਬੋਲਣ ਯਾ ਗਵਾਈ ਸਮੇਂ ਆਪ ਜੀ ਦਾ ਚਿਹਰਾ ਹਮੇਸ਼ਾਂ ਹਸ-ਮੁਖ ਅਤੇ ਪ੍ਰਭਾਵਿਤ ਰਹਿੰਦਾ। ਆਪ ਜੀ ਸਭ ਤੋਂ ਪਹਿਲਾਂ ਜਦ ਮੰਗਲਾ-ਚਰਣ ਕਰਦੇ ਤਾਂ ਸ੍ਰੋਤਿਆਂ ਨੂੰ ਇਸ ਗੱਲ ਦਾ ਪਰਚਾ (ਸਬੂਤ) ਦੇ ਦੇਂਦੇ ਕਿ ਆਪ ਜੀ ਕੋਈ ਆਮ ਸਾਧਾਰਣ ਗਾਇਕ ਨਹੀਂ, ਬਲਕਿ ਇਕ ਕਾਮਲ-ਮੁਰਸ਼ਦ ਦੇ ਨਿਵਾਜ਼ੇ ਹੋਏ ਹੋਣਹਾਰ ਸ਼ਾਗਿਰਦ ਹਨ। ਮੇਰੇ ਬਜ਼ੁਰਗ ਅਤੇ ਅਜ਼ੀਜ਼ ਪਾਠਕਾਂ ਨੇ ਖ਼ਾਸ ਖ਼ਾਸ ਗੁਰਪੁਰਬਾਂ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਲੋਂ ਚਲਾਈ ਆਤਿਸ਼ਬਾਜ਼ੀ ਤਾਂ ਕਈ ਵਾਰ ਅਕਸਰ ਦੇਖੀ ਹੀ ਹਉ। ਉਸ ਤੋਂ ਬਾਦ ਫਿਰ ਆਵਾਜ਼ ਦੇਣ ਵਾਲੇ 100 ਯਾ ਡੇਢ ਸੌ ਗੋਲੇ ਛੱਡੇ ਜਾਂਦੇ ਹਨ। ਕੁਝ ਗੋਲੇ ਤਾਂ ਅਜਿਹੇ ਹੁੰਦੇ ਹਨ ਜੋ ਕਿ ਥੋੜੀ ਕੁ ਸ਼ੂੰ .. ਕਰਕੇ 8-10 ਕੋਠੇ ਪਾਰ ਕਰਕੇ ਕਿਸੇ ਮਕਾਨ ਦੀ ਛਤ ਤੇ ਜਾ ਡਿਗਦੇ ਹਨ ਅਤੇ ਕੁਝ ਗੋਲੇ ਅਜਿਹੇ ਹੁੰਦੇ ਹਨ ਜੋ ਕਿ ਕੁਝ ਕੁ ਉੱਚੀ ਜਾ ਕੇ ਇਕ ਦੋ ਜ਼ੋਰਦਾਰ ਆਵਾਜ਼ਾਂ ਦੇ ਕੇ ਸੌ ਦੋ ਸੌ ਗਜ਼ ਦੀ ਦੂਰੀ ਤੇ ਕਿਧਰੇ ਡਿਗਕੇ ਸਮਾਪਤ ਹੋ ਜਾਂਦੇ ਹਨ ਅਤੇ ਕੁਝ ਵਿੱਚ ਵਿੱਚ ਕਿਸੇ ਖ਼ਾਸ ਸਿਆਣੇ ਆਤਿਸ਼ਬਾਜ਼ ਦੇ ਬਣਾਏ ਅਜਿਹੇ ਗੋਲੇ ਹੁੰਦੇ ਹਨ ਜ ਕਿ ਜ਼ੋਰਦਾਰ ਸ਼ੂੰ ..... ਕਰਦੇ ਹੋਏ ਆਸਮਾਨ ਦੀ ਕਾਫੀ ਬਲੰਦੀ ਤੇ ਪਹੁੰਚ ਜਾਂਦੇ ਹਨ ਅਤੇ ਉਥੇ ਪੰਜ ਛੇ ਧਮਾਕੇਦਾਰ ਜ਼ੋਰ ਭਰੀਆਂ ਆਵਾਜ਼ਾਂ ਦੇ ਕੇ ਹੋਰ ਕੁਝ ਉਪਰ ਜਾਕੇ ਵੱਖ ਵੱਖ ਸਾਂਈਡਾਂ ਨੂੰ ਵੱਖ ਵੱਖ ਵਿਖਰਕੇ ਆਪਣਾ ਸੁਹਾਵਣਾ ਰੂਪ ਇੰਜ ਪੇਸ਼ ਕਰਨ ਲਗਦੇ ਹਨ ਕਿ ਜਿਵੇਂ ਕਿਧਰੇ ਲਾਲ ਫੁਲ ਜਗਮਗਾ ਰਹੇ ਹਨ ਤੇ ਕਿਧਰੇ ਸਬਜ਼ ਅਤੇ ਸਫੇਦ ਵ ਸੁਨਹਿਰੀ ਨਾਲ ਨਾਲ ਕੁਝ ਫਟ ਫਟ ਕੇ ਆਵਾਜ਼ਾਂ ਭੀ ਦੇ ਰਹੇ ਹਨ ਅਤੇ ਅਗਾਂਹ ਭੀ ਵਧ ਰਹੇ ਹਨ ਅਤੇ ਫ਼ਿਰ ਕਿਧਰੇ ਸਿਲਮੇ ਸਿਤਾਰੇ ਦੀ ਜਗ-ਮਗਾਹਟ ਚਮਕ ਅਤੇ ਰੋਸ਼ਨੀ ਹੋਣ ਲਗਦੀ ਹੈ ਜਿਸ ਨੂੰ ਹਰ ਬੱਚਾ ਬ੍ਰਿਧ ਨੌਜਵਾਨ ਦੇਖਕੇ ਦਿਲੀ ਖੁਸ਼ੀ ਮਹਿਸੂਸ ਕਰਨ ਲਗਦਾ ਹੈ। ਸੋ ਅਰਜ਼ ਕਰਨ ਤੋਂ ਭਾਵ ਕਿ ਭਾਈ ਚਾਂਦ ਜੀ ਗਾਇਕੀ ਪ੍ਰਮਾਣ Classical ਰੰਗ ਬੁਤਾਵਾਂ ਅੰਦਾਜ਼ੇ ਬਯਾਂ ਅਤੇ ਆਪਣੇ ਲਬੋ-ਲਹਿਜੇ ਦੀ ਕਲਾਕਾਰੀ ਦੇ ਪੱਖੋਂ ਇਸ ਆਖਿਰੀ ਤੀਜੀ ਕਿਸਮ ਦੇ ਗੋਲੇ ਦੀ ਮਾਨਿੰਦ ਸਨ।

ਆਪਜੀ ਦੀ ਗੁਰਬਾਣੀ ਦੀ ਜਬਾਨੀ ਯਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਚੋਂ ਵਾਰਾਂ ਕਬਿਤ ਭਾਈ ਗੁਰਦਾਸ ਜੀ, ਫਾਰਸੀ ਕਲਾਮ ਭਾਈ ਨੰਦ ਲਾਲ ਜੀ ਅਤੇ ਕੁਝ ਕੁਝ ਦਸਮ ਗ੍ਰੰਥ ਚੋਂ ਭੀ ਇਤਨੀ ਵਸੀਅ ਅਤੇ ਸਪੱਸ਼ਟ ਸੀ ਕਿ ਜਦ ਆਪ ਜੀ ਕਿਸੇ ਭੀ Subject ਮੌਜ਼ੂਅ ਯਾ ਮਜ਼ਮੂਨ ਨੂੰ ਚੁਣਕੇ ਸੰਗਤ ਸਾਹਮਣੇ ਗਾ ਵਜਾ ਕੇ ਪੇਸ਼ ਕਰਦੇ ਤਾਂ ਗਾਈ ਜਾ ਰਹੀ ਪੰਗਤੀ ਦੇ ਮੁਕਾਬਲੇ (to the point) ਆਪਣੇ ਜ਼ਿਹਨ ਵਿਚੋਂ ਇੰਜ ਮੁਤਲਿਫ਼ ਪੰਕਤੀਆਂ ਖਿਚ ਖਿਚ ਸ੍ਰੋਤਿਆਂ ਸਾਹਮਣੇ ਲਿਆਈ ਜਾਂਦੇ ਕਿ ਜਿਵੇਂ ਮਿਕਨਾਤੀਸ (ਚੁੰਬਕ) ਆਪਣੀ ਹਮ-ਦਿਨਸ ਧਾਤ (ਲੋਹੇ) ਨੂੰ ਆਪਣੇ ਵੱਲ ਖਿਚੀ ਤੁਰੀ ਜਾਂਦੀ ਹੈ। ਅਤੇ ਇੰਜ ਮਾਨੋਂ ਪ੍ਰਮਾਣਾਂ ਦਾ ਸੈਲਾਬ ਆ ਜਾਂਦਾ। ਪਰ ਦੁਹਾਈ ਰੱਬ ਦੀ ਆਪ ਜੀ ਕਥਾ-ਵਾਚਿਕ ਕੱਤਨ ਨਹੀਂ ਸੀ ਬਣਦੇ ਅਤੇ ਨਾ ਹੀ ਵਿਆਖਿਆਕਾਰ,

ਬਲਕਿ ਮੌਸੀਕੀ ਦੀ ਚਿਕਨਾਹਟ, ਨਾਲ ਨਾਲ ਆਪਣੀ ਕਥਨੀ ਕਲਾਮ ਨੂੰ ਪੁਚਾਈ ਜਾਂਦੇ। ਆਵਾਜ਼ ਅਤੇ ਸਾਜ਼ ਨੂੰ ਗਰਮ ਰੱਖਦੇ। ਆਪ ਜੀ ਸਾਥੀ ਦੀ ਮਦਦ ਨਾਲ ਭੀ ਆਪਣੀ ਗਾਇਕੀ ਨੂੰ Lubricate ਕਰਾਈ ਜਾਂਦੇ ਤਾਂਕਿ ਗਾਇਕੀ ਰਸ ਭਰਪੂਰ ਬਣੀ ਰਹੇ ਸਾਥੀ ਦੀ ਕੀ ਮਜਾਲ ਕਿ ਉਹ ਬੇਕਾਰ ਕਦੇ ਡੰਮੀ ਹੋ ਕੇ ਬੈਠਾ ਰਵੇ। ਦੂਜੀ ਸਾਈਡ ਤੇ ਤਬਲਾ ਨਿਵਾਜ਼ ਭੀ ਖਾਸ ਮੁਹਤਾਤ ਰਹਿੰਦਾ ਅਤੇ ਖਿਆਲ ਰਖਦਾ ਕਿ ਮੈਂ ਭਾਈ ਚਾਂਦ ਨਾਮੀ ਕਲਾਕਾਰ ਨਾਲ ਸੰਗਤ ਕਰ ਰਿਹਾ ਹਾਂ। ਮੰਗਲਾ-ਚਰਣ ਤੋਂ ਬਾਦ ਆਪ ਜੀ ਕੋਈ ਸਲੋਕ ਪਉੜੀ ਯਾ ਛੋਟਾ ਸ਼ਬਦ ਪੇਸ਼ ਕਰਦੇ ਅਤੇ ਇਸ ਦੌਰਾਨ ਆਪ ਜੀ ਆਪਣੇ ਵਿਤ ਅਨੁਸਾਰ ਕਾਫੀ Classical Music ਦਾ ਰੰਗ ਦਿਖਾਉਂਦੇ। ਮਸਲਨ ਰਾਗ ਦਾ ਆਲਾਪ ਤਾਨ, ਪਲਟੇ ਗਲੇ ਦੀਆਂ ਮੁਰਕੀਆਂ ਲੈਅ ਦੀ ਪਕੜ ਮੀਂਡ ਸੀਨੇ ਦੇ ਜ਼ੋਰ ਨਾਲ ਭਰਵੀਂ ਗਾਇਕੀ ਹੇਠਲੀ-ਉਪਰਲੀ ਆਵਾਜ਼ਾਂ ਦਾ ਪ੍ਰਗਟਾਵਾਂ ਸਾਜਾਂ ਦੀ ਜ਼ੋਰਦਾਰ ਗੜ-ਗੜਾਹਟ ਅਤੇ ਧਮਕ: ਇਸ ਵਿਚ ਆਪ ਜੀ ਦੇ ਸਾਈਡ ਤੇ ਬੈਠੇ ਸਾਥੀ ਦੀ ਭੀ ਕੁਝ ਹਦ ਤਕ ਮਦਦ ਹੁੰਦੀ। ਇੰਜ ਆਪਜੀ ਪਸੀਨੇ ਨਾਲ ਤਰ-ਬ-ਤਰ ਹੋ ਜਾਂਦੇ। ਇਸ ਤੋਂ ਬਾਦ ਆਪ ਜੀ ਅਕਸਰ ਕੋਈ (ਕਵਾਲੀ-ਨੁਮਾ) ਤਰਜ਼ ਲਗਾ ਕੇ ਕਿਸੇ ਇਕ ਸ਼ਬਦ ਦਾ ਗਾਇਨ ਸ਼ੁਰੂ ਕਰਦੇ ਅਤੇ Side ਦੇ ਸਾਥੀ ਤੋਂ ਇਸ ਗਾਇਕੀ ਦੀ ਵਾਰੀ ਲੈਂਦੇ। ਉੱਧਰ ਤਬਲਾ ਨਿਵਾਜ਼ ਦੀ ਕਾਰਗੁਜ਼ਾਰੀ ਵੱਲ ਭੀ ਪੂਰਾ ਧਿਆਨ ਰੱਖਦੇ। ਆਪ ਜੀ ਜਲਦੀ ਜਲਦੀ ਗਾ ਵਜਾ ਕੇ ਜ਼ਿਆਦਾ ਸ਼ਬਦ ਨਹੀਂ ਸੀ ਖਤਮ ਕਰੀ ਜਾਂਦੇ। ਜਿਸ ਇਕ ਸ਼ਬਦ ਨੂੰ ਭੀ ਛੋਂਹਦੇ ਉਸਦੀ All Round ਗੁਰਬਾਣੀ ਰਾਹੀਂ ਹੀ ਗਾ ਕੇ ਵਜ਼ਾਹਤ ਕਰਦੇ। ਜੋ ਤਰਜ਼ ਆਪ ਜੀ ਨੇ ਅਜ ਗਾ ਵਜਾ ਲਈ ਉਸਦੀ ਵਾਰੀ ਫਿਰ ਕਈ ਕਈ ਮਹੀਨੇ ਭੀ ਮੁੜ ਕਦੇ ਨਹੀਂ ਸੀ ਆਉਂਦੀ। ਮਾਨੋ "ਜੋ ਜਲ ਗੁਜ਼ਰ ਗਿਆ ਇਸ ਰਾਹੀਂ, ਬਹੁੜ ਨਾ ਵਗਸੀ ਭਲਕੇ। ਰੇਲ ਮੁਸਾਫ਼ਿਰ ਪੂਰ ਬੇੜੀ ਦਾ ਫੇਰ ਨਾਂ ਬੈਸੀ ਰਲਕੇ।" ਹਾਂ ਅਗਰ ਉਹੀ ਤਰਜ਼ ਕਦੇ ਆਪ ਜੀ ਨੇ ਕਾਫੀ ਦੇਰ ਬਾਦ ਮੁੜ ਗਾ ਵਜਾ ਭੀ ਲਈ ਤਾਂ ਫਿਰ ਵਿਚ ਸ਼ਬਦ ਯਾ ਕਲਾਮ ਬਦਲ ਦੇਂਦੇ। ਆਪ ਜੀ ਨੂੰ ਕਦੇ ਕੋਈ ਸ੍ਰੋਤਾ ਦੋ ਚਾਰ ਪੰਜ ਦਮੜੇ ਸ਼ਬਦ ਭੇਟ ਕਰਕੇ ਨਾਲ ਹੀ ਕਿਸੇ ਖਾਸ ਪੁਰਾਣੇ ਸੁਣੇ ਸ਼ਬਦ ਆਦਿਕ ਦੀ ਮੁੜ ਕਦੇ ਸੁਨਾਉਣ ਦੀ ਫੁਰਮਾਇਸ਼ ਭੀ ਕਰ ਦੇਂਦਾ ਤਾਂ ਆਪ ਜੀ ਉਸਨੂੰ ਹਸਕੇ ਟਾਲ ਦੇਂਦੇ ਕਿ ਦੇਖੋ ਗੁਰੂ ਸਾਹਿਬ ਕੀ ਮੂੰਹੋਂ ਕਦਾਉਂਦੇ ਹਨ ? ਇਸ ਮਸਲੇ ਤੇ ਖ਼ਾਂ ਸਾਹਿਬ ਆਲਮਗੀਰ ਭੀ ਕਿਹਾ ਕਰਦੇ ਸਨ ਕਿ (ਅਸੀਂ ਫ਼ਨ ਦੇ ਗੁਲਾਮ ਹਾਂ) ਫ਼ਨ ਸਾਡਾ ਗੁਲਾਮ ਨਹੀਂ ਕਿ ਅਸੀਂ ਇਸ ਨੂੰ ਸਾਮਈਨ ਬਾਨੀ ਸ੍ਰੋਤਿਆ ਦੀ ਫ਼ੁਰਮਾਇਸ਼ ਤੇ ਬੇ-ਮੌਕਾ-ਮਹੌਲ ਜਿਧਰ ਮਰਜ਼ੀ ਮੋੜ ਦੇਈਏ। ਆਪ ਜੀ ਭਾਈ ਫ਼ਜਲ ਰਬਾਬੀ ਵਾਂਗ (ਸਵਰਨਕਾਰ) ਨਹੀਂ ਸਨ। ਆਪ ਜੀ ਤਾਂ ਇਕ ਨਾ-ਨਜ਼ੀਰ (ਜੋਹਰੀ) ਸਨ। ਬਾਣੀ ਕੋਲੋਂ ਬਾਹਰੀ ਕਲਾਮ (ਗੁਰਮਤ ਕੀਰਤਨ ਵਿਚ) ਕੋਈ ਇਕ ਫਿਕਰਾ ਭੀ ਨਹੀਂ ਗਾਉਣਾ ਯਾ ਬੋਲਣਾ। ਜੋ ਭੀ ਗਾਉਣਾ ਬੋਲਣਾ ਬਾਣੀ ਵਿਚੋਂ ਹੀ ਸਭ Put up ਕਰਨਾ। ਆਪ ਜੀ

ਕਦੇ ਅੱਖਾਂ ਬੰਦ ਕਰਕੇ ਯਾ ਗਰਦਨ ਸੁਟਕੇ ਕੀਰਤਨ ਨਹੀਂ ਸਨ ਕਰਦੇ। ਅਤੇ ਨਾ ਹੀ ਇੰਜ ਸ੍ਰੋਤਿਆਂ ਨੂੰ ਗਰਦਨ ਸੁਟਕੇ ਊੱਘਾ ਲੈਣ ਦੇਂਦੇ ਸਨ। ਕੋਈ ਅਣਜਾਣ ਸ੍ਰੋਤਾ ਆਪ ਜੀ ਦੀ ਮਹਿਫ਼ਲ ਵਿਚੋਂ ਉੱਠਕੇ ਤਾਂ ਜਾ ਸਕਦਾ ਸੀ। ਪਰ ਊੱਘਾ ਨਹੀਂ ਸੀ ਲੈ ਸਕਦਾ। ਕਿਉਂ ਕਿ ਆਪ ਜੀ ਦਾ ਕੋਈ ਪਤਾ ਨਾ ਲਗਦਾ ਕਿ ਸ ਹਮਣੇ ਯਾ ਪਿੱਛੇ ਬੈਠੇ ਕਿਸੇ ਭੀ ਬੇ-ਵਾਕਿਫ਼ ਸ੍ਰੋਤੇ ਨੂੰ ਕਿਹੜੇ ਵਕਤ ਹਥ ਅਤੇ ਅੱਖ ਦੇ ਇਸ਼ਾਰੇ ਨਾਲ ਮੁਖਾਤਿਬ ਕਰਕੇ ਇੰਜ ਬੋਲ ਪੈਂਦੇ ਮਸਲਨ ਪੰਗਤੀ ਗਾ ਰਹੇ ਹੁੰਦੇ।

"ਜਿਨਿ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ"

(ਆਸਾ ਮ: 4 ਪੰਨਾ 450)

ਇਸ ਉਪਰ ਪ੍ਰਮਾਣ ਯਾ ਮੌਕੇ-ਮਹੌਲ ਦੇ ਉਪਦੇਸ਼ ਵਜੋਂ ਇਹ ਪੰਗਤੀ ਬੋਲ ਦੇਂਦੇ।

"ਬੁਰੇ ਕਾਮ ਕਉ ਉਠਿ ਖਲੋਇਆ। ਨਾਮ ਕੀ ਬੇਲਾ ਪੈ ਪੈ ਸੋਇਆ"

(ਸੂਹੀ 5, ਪੰਨਾ 738)

"ਸਿਆਮ ਸੁੰਦਰ ਤਜਿ ਨੀਦ ਕਿਉਂ ਆਈ"

ਸੂਹੀ 5 ਪੰਨਾ 745 (ਕਾਹੇ ਜਗਿ ਆਏ ?)

"ਕਿਆ ਸੋਵੈ ਨਾਮ ਵਿਸਾਰ ਗਾਫਲ ਗਹਿਲਿਆ

ਕਾਹੇ ਜਗਿ ਆਏ ਰਾਮ ਰਾਜੇ ?

"ਰਾਤ ਜੋ ਸੋਵੈ ਦਿਨ ਕਰਹਿ ਕਾਮ। ਇਕ ਖਿਨ ਨ ਲੇਵੈ ਹਰਿ ਕੋ ਨਾਮ।

(ਕਾਹੇ ਜਗਿ ਆਏ ਕਾਮ ਰਾਜੇ ?)

ਇਤਿਆਦਿਕ

ਇੰਜ ਕਈ ਵਾਰ ਅਣਜਾਣ ਸ੍ਰੋਤਾ ਇੰਜ ਮਹਿਸੂਸ ਕਰਦਾ ਕਿ ਸ਼ਾਇਦ ਭਾਈ ਸਾਹਿਬ ਮੇਰੇ ਮੂੰਹ ਵਿਚ ਛਿਬੀਆਂ ਦੇ ਰਹੇ ਹਨ ਅਤੇ ਉਹ ਸ਼ਰਮਾ ਜਾਂਦਾ ਹੈ ਤੇ ਅੱਗੋਂ ਲਈ ਜੇ ਕੀਰਤਨ ਸੁਣਨਾ ਹੁੰਦਾ ਤਾਂ ਬਾਹੋਸ਼ ਅਤੇ ਚੇਕੰਨਾ ਹੋ ਕੇ ਬੈਠਦਾ। ਆਪ ਜੀ ਅਜ-ਹਦ (self/confidence) ਵਾਲੇ ਬੜੇ ਬੇ–ਬਾਕ ਅਤੇ GUTS ਵਾਲੇ ਕਲਾਕਾਰ ਸਨ! ਅੱਲਾ ਆਪਜੀ ਨੂੰ ਜੰਨਤ-ਨਸੀਬ ਕਰੇ। ਆਪਜੀ ਮੂਡੀ-ਮਾਈਂਡ ਭੀ ਹਰਗਿਜ਼ ਨਹੀਂ ਸਨ ਕਿ ਮੂਡ ਨਾ ਹੋਇਆ ਤਾਂ ਐਵੇਂ ਚਲਾਵਾਂ ਸਾਦਾ ਕੰਮ ਕਰਕੇ ਕਿਸੇ ਬਾਹਰੀ ਸਟੇਜ ਤੋਂ ਪੈਸੇ ਇਕੱਠੇ ਕਰਕੇ ਯਾ ਬਟੋਰ ਕੇ ਤੁਰਦੇ ਹੋਇ। ਆਪ ਜੀ ਕਿਸੇ ਭੀ ਜਗਾ ਇਕ ਚੌਂਕੀ ਭੀ ਸ਼ਾਦੀ ਗਮੀ ਦੀ ਕਿਧਰੇ ਕਰ ਆਉਂਦੇ ਤਾਂ ਆਪਣੀ ਛਾਪ ਪਿੱਛੇ ਛੱਡ ਆਉਂਦੇ। ਅਗਰ ਪ੍ਰਦੇਸ ਦੇ ਥਕੇਵੇਂ ਕਾਰਨ ਯਾ ਗਲੇ ਖਰਾਬ ਕਾਰਨ ਸਰੀਰ ਢਿੱਲਾ ਹੁੰਦਾ ਤਾਂ ਚੌਂਕੀ ਵਲੋਂ ਨਾਹ ਕਰ ਦੇਂਦੇ। ਪੈਸੇ ਤਾਂ ਆਪ ਜੀ ਨੂੰ ਗੁਰੂ ਬਖਸ਼ਿਸ਼ ਰਾਹੀਂ ਇਤਨੇ ਆ ਜਾਂਦੇ ਕਿ ਜਿਦੀ ਪਹਿਲੇ ਉਮੀਦ ਭੀ ਨਾ ਹੁੰਦੀ। ਉਸ ਸੰਨ 1935-36 ਤੋਂ 1945 ਦੇ ਦੌਰ ਵਿਚ (ਭਲੇ ਸਮੇਂ) ਭੀ ਆਪਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ duty ਤੋਂ ਹੀ Rs. 8-10-12-15

ਰੋਜ਼ ਸੰਗਤ ਵੱਲੋਂ ਸ਼ਬਦ ਭੇਟ ਹੋ ਹੀ ਜਾਂਦੀ। ਵਾਜਿਹ ਰਹੇ ਕਿ ਇਹ ਉਹ ਦੌਰ ਸੀ ਜਦ ਆਟਾ ਸੋਲਾਂ ਸੇਰ ਇਕ ਰੁਪੈ ਦਾ, ਘਿਉ ਦੇਸੀ ਸਵਾ ਸੇਰ ਇਕ ਰੁਪੈ ਦਾ ਤੇ ਮਿਸਰੀ ਚਾਰ ਸੇਰ ਇਕ ਰੁਪੈ ਦੀ ਮਿਲਦੀ ਸੀ। ਇਹ ਭੀ ਦਾਸ ਨੇ ਪ੍ਰਚੂਨ ਰੇਟ ਇਥੇ ਅੰਕਿਤ ਕੀਤੇ ਹਨ। ਸੰਤ ਨਿਰਮਲ ਜੀ ਜੋ ਕਿ ਵੇਦਾਂਤ ਦਾ ਪ੍ਰਚਾਰ ਕਰਦੇ ਸਨ ਅਤੇ ਆਰਫਾਨਾ-ਕਲਾਮ ਦਾ ਜਿਨ੍ਹਾਂ ਦਾ ਉਰਦੂ ਫਾਰਸੀ ਦਾ ਭੀ ਬਹੁਤ ਮੁਤਾਲਿਆ ਸੀ ਜਿਨ੍ਹਾਂ ਦਾ ਮਾਲ ਰੋਡ ਅੰਮ੍ਰਿਤਸਰ ਹੁਣ ਭੀ ਬਹੁਤ ਵੱਡਾ ਆਸ਼ਰਮ ਹੈ ਅਤੇ ਜਿਨ੍ਹਾਂ ਦਾ (39ਵਾਂ) ਬੀਤੇ ਸਾਲ ਦੀਵਾਲੀ ਲਾਗੇ ਹਫ਼ਤਾ ਭਰ ਇਸੇ ਉਪ੍ਰੋਕਤ ਆਸ਼ਰਮ ਵਿਚ ਵੇਦਾਂਤ ਸੰਮੇਲਨ ਹੋਇਆ ਹੈ ਅਤੇ ਹਰ ਸਾਲ ਹੁੰਦਾ ਹੈ। All India ਤੋਂ ਸੰਤ ਮਹਾਤਮਾ ਉਪਦੇਸ਼ਕ ਆਉਂਦੇ ਹਨ। ਇਨ੍ਹਾਂ ਹੀ ਸੰਤਾਂ (ਸ੍ਰੀ ਨਿਰਮਲ ਜੀ ਨੇ) ਦਾਸ ਦੀ ਮਾਰਫ਼ਤ ਤਿੰਨ ਕੁ ਸਾਲ ਭਾਈ ਚਾਂਦ ਜੀ ਨੂੰ ਆਪਣੇ ਗੁਰੂਆਂ ਦੀ ਬਰਸੀ ਮਨਾਉਣ ਵਰਿਆਂ ਅਤੇ ਬ੍ਰਹਮਪੁਰੇ (Via ਤਰਨਤਾਰਨ) ਅਤੇ ਸ਼ਾਇਦ ਠਰੂ ਭੀ ਬੁਲਾਉਣਾ ਜਾਰੀ ਰਖਿਆ। ਪਹਿਲੇ ਸਾਲ ਹੀ ਆਪ ਜੀ ਨੇ ਉੱਥੇ ਪੁੱਜ ਕੇ ਰਾਗ ਰੰਗ ਦਿਖਾਉਣ ਤੋਂ ਬਾਦ ਜਦ ਇਹ ਪੰਗਤੀ ਗਾਉਣੀ ਸ਼ੁਰੂ ਕੀਤੀ ਕਿ—

"ਗੁਰ ਕੁੰਜੀ ਪਾਹੂ ਨਿਵਲ ਮਨ ਕੋਠਾ ਤਨ ਛਤ। ਨਾਨਕ ਗੁਰ ਬਿਨ ਮਨ ਕਾ ਤਾਕ ਨਾਂ ਉਘੜੇ ਅਵਰ ਨਾ ਕੁੰਜੀ ਹਥ॥ (ਤਰਜ਼ ਕਵਾਲੀਨੁਮਾ) ਅਤੇ ਫਿਰ ਪ੍ਰਮਾਣ ਤੇ ਪ੍ਰਮਾਣ ਦੇ ਕੇ ਇਸੇ Subject ਦੀ ਪ੍ਰੋੜਤਾ ਭਰਪੂਰ ਢੰਗ ਨਾਲ ਕੀਤੀ ਤਾਂ ਇਤਨੀ ਮਾਇਆ ਆਪਜੀ ਉੱਤੇ ਸੰਤਾਂ ਮਹੰਤਾਂ ਅਤੇ ਸੰਗਤ ਸ੍ਰੋਤਿਆਂ ਵੱਲੋਂ ਵਸੀ ਮਾਨੋ ਅਸਮਾਨੋਂ ਜ਼ੋਰਦਾਰ ਬਾਰਿਸ਼ ਪੈ ਰਹੀ ਹੋਵੇ। ਵਾਜਿਹ ਰਹੇ ਕਿ ਮਜ਼ਕੂਰਾ ਸੰਤ ਨਿਰਮਲ ਜੀ ਦਿਲੀ ਵਿਚ 20-5-1971 ਨੂੰ ਪ੍ਰਲੋਕ ਸਿਧਾਰ ਚੁੱਕੇ ਹਨ। ਆਪਜੀ ਤਬਲਾ ਨਿਵਾਜ਼ ਨੂੰ ਨਾਲ ਗਾਉਣ ਬੋਲਣ ਨੂੰ ਕਦੇ Allow ਨਹੀਂ ਸਨ ਕਰਦੇ। ਸ਼ਾਇਦ ਆਪ ਜੀ ਦਾ ਵਿਚਾਰ ਸੀ ਕਿ ਇੰਜ ਉਸਤਾਦਾਨਾ ਗਾਇਕੀ ਦਾ ਤਵਾਜ਼ਨ ਵਿਗੜ ਜਾਂਦਾ ਹੈ। ਪਰ ਸਿਰਫ ਆਸਾ ਜੀ ਦੀ ਵਾਰ ਸਮੇਂ ਤਬਲਾ ਨਿਵਾਜ਼ ਪਉੜੀ ਪੜ੍ਹ ਸਕਦਾ ਸੀ ਅਤੇ ਨਾ ਹੀ ਕਦੇ ਸੰਗਤ ਨੂੰ ਨਾਲ ਨਾਲ ਯਾ ਪਿਛੇ ਪਿਛੇ ਬੋਲਣ ਲਈ ਕਹਿੰਦੇ ਸਨ। ਆਪ ਜੀ ਕਿਹਾ ਕਰਦੇ ਸਨ ਕਿ ਅਜਿਹਾ ਕੰਮ ਸੁਖ ਰਹਿਣੇ ਕਲਾਕਾਰ ਹੀ ਕਰ ਸਕਦੇ ਹਨ। ਆਪਜੀ ਕਹਿੰਦੇ ਸਨ ਕਿ ਕੋਈ ਭੀ ਗਾਇਕ ਯਾ ਬੁਲਾਰਾ Public/Stage ਤੇ ਬੈਠਕੇ ਫ਼ਰਜ ਕਰੋ ਇਕ ਮਿੰਟ ਜ਼ਾਇਆ ਕਰੇ ਤਾਂ ਸਮਝੋ ਜਿੰਨੀ ਹਾਜ਼ਰੀ ਸ੍ਰੋਤੇ ਯਾ ਸੰਗਤ ਬੈਠੀ ਹੈ ਉਤਨੇ ਮਿੰਟ ਜ਼ਾਇਆ ਹੋ ਗਏ। ਵਾਹ ਭਾਈ ਚਾਂਦ ਜੀ ਤੇਰੀ ਕਾਬਲੇ-ਕਦਰ ਸੋਚ! ਤੇਰਾ ਜਵਾਬ ਨਹੀਂ। ਆਪਜੀ ਭਾਵੇਂ ਕਦੇ ਖੁਸ਼ੀ ਗਮੀ ਦਾ ਕੀਰਤਨ ਕਰਦੇ ਤਾਂ ਮੰਗਲਾ ਚਰਨ ਭੀ ਜਰੂਰ ਹੀ ਕਰਦੇ ਫਿਰ ਸ਼ਬਦ ਛੋਹੰਦੇ ਅਤੇ ਅਖੀਰ ਭੋਗਦੀ ਪਉੜੀ ਭੀ ਭਰਪੂਰ ਗਾਇਕੀ ਵਿਚ ਲਗਾਂਦੇ। ਆਪਜੀ ਕਿਸੇ ਬਾਹਰੀ ਸਟੇਜ ਤੇ ਭੀ Public ਵਲੋਂ ਯਾ ਘਰੇਲੂ ਸ੍ਰੋਤਿਆਂ ਵਲੋਂ Manage ਕੀਤੀ ਜਗਾ ਤੇ ਕੀਰਤਨ ਕਰਦੇ ਅਤੇ ਭਾਵੇਂ ਕੁਝ ਬਾਹਰੀ ਆਰਫਾਨਾ ਕਲਾਮ ਭੀ ਪੇਸ਼ ਕਰਦੇ ਤਾਂ ਹਾਫਿਜ਼ਾ ਤੇਜ ਕਰਨ ਖਾਤਰ ਕਦੇ ਕੋਲ ਇਕ (slip) ਚਿਟ ਭੀ ਨਾ ਰਖਦੇ ਬਲਕਿ ਜੋ ਫਿਕਰਾ ਸ਼ੇਅਰ ਪੰਗਤੀ ਮੂਹੋਂ ਕੱਢਦੇ ਸਭ ਆਪਣੀ

ਜ਼ਬਾਨੀ ਯਾਦਾ ਦੇ ਸਹਾਰੇ ਹੀ ਪੇਸ਼ ਕਰਦੇ। ਆਫਰੀਨ ਹੈ ਐਸੇ ਕਲਾਕਾਰ ਨੂੰ। ਆਪਜੀ ਆਪਣੇ ਸੱਜਨਾਂ ਮਿੱਤਰਾਂ ਪ੍ਰਸੰਸਕਾਂ ਨੂੰ ਹਮੇਸ਼ਾ ਮੁਸਕਰਾਹਟ ਭਰੇ ਚਿਹਰੇ ਨਾਲ ਮੁਖ਼ਾਤਿਬ ਹੁੰਦੇ। ਦੂਜੇ ਦੇ ਚਾਰ ਫਿਕਰੇ ਸੁਣਦੇ ਤੇ ਇਕ ਫਿਕਰੇ ਦਾ ਭਾਵੇਂ ਜਵਾਬ ਬੋਲ ਦੇਂਦੇ ਵਰਨਾ ਉਂਜ ਹੀ ਮੁਸਕਰਾ ਕੇ ਥੋੜ੍ਹਾ ਸਿਰ ਹਿਲਾ ਦੇਂਦੇ। ਵੱਡੇ ਵੱਡੇ ਪ੍ਰੋਗਰਾਮਾਂ ਤੇ ਜਦ ਉਸ ਦੌਰ ਦੇ ਹੋਰ ਕਲਾਕਾਰ ਭੀ ਉੱਥੇ ਆਏ ਹੁੰਦੇ ਤਾਂ ਆਪਜੀ ਦੀ ਉੱਥੇ ਮੌਕੇ ਮਹਲ ਦੀ ਕਾਰਗੁਜ਼ਾਰੀ ਤੋਂ ਪ੍ਰਸੰਨਤਾ ਮਹਿਸੂਸ ਕਰਕੇ ਆਪਜੀ ਨੂੰ ਉਹ ਭੀ ਇਕ ਦੋ ਚਾਰ ਦਮੜੇ ਭੇਟ ਕਰਕੇ ਖੁਸ਼ੀ ਮਹਿਸੂਸ ਕਰਦੇ ਅਤੇ ਇਨ੍ਹਾਂ ਦੇ ਸਟੇਜ ਤੋਂ ਉੱਠਣ ਤੋਂ ਬਾਦ ਇਨ੍ਹਾਂ ਨਾਲ ਹਥ ਮਿਲਾਕੇ ਗੌਰਵਤਾ ਮਹਿਸੂਸ ਕਰਦੇ। ਆਪ ਜੀ ਸ਼ੁਰੂ ਸ਼ੁਰੂ ਵਿਚ ਤਾਂ ਸ੍ਰੀ ਹਰਿਮੰਦਰ ਸਾਹਿਬ ASR ਅੰਦਰ 3-30 to 5 P.M. (ਡੇਢ ਕੁ ਘੰਟੇ ਦੀ ਡਯੂਟੀ) ਦੇਂਦੇ ਅਤੇ ਨਾਲ ਰਾਤ ਸਮਾਪਤੀ ਸਮੇਂ ਦੀ ਆਖਿਰੀ 40 ਮਿੰਟ ਡਯੂਟੀ ਭੀ ਦੇਂਦੇ ਪਰ ਬਾਦ ਅਜਾਂ ਬਾਹਰ ਦੀ ਮੁਸਾਫਰੀ ਵਧ ਜਾਣੇ ਕਾਰਨ ਆਪਜੀ ਨੇ 40 ਮਿੰਟੀ ਡਯੂਟੀ ਛੱਡ ਦਿੱਤੀ ਅਤੇ ਇਕੋ ਚੌਕੀ 1½ ਘੰਟੇ ਦੀ ਜਾਰੀ ਰੱਖੀ।

ਫਿਰ ਕੁਝ ਸਮੇਂ ਬਾਦ ਆਪਜੀ ਨੇ ਇਹ ਡਯੂਟੀ ਭੀ ਬਦਲ ਕੇ ਸੋਦਰ ਦੀ ਡਯੂਟੀ ਨਿਭਾਣੀ ਸ਼ੁਰੂ ਕਰ ਦਿੱਤੀ ਜਦ ਕਿ ਆਪ ਜੀ ਦੇ ਭੋਗ ਪਾਉਣ ਤੋਂ ਬਾਦ ਗ੍ਰੰਥੀ ਸਿੰਘ ਜੀ ਰਹਿਰਾਸ ਦਾ ਪਾਠ ਸ਼ੁਰੂ ਕਰ ਦੇਂਦੇ ਹਨ।

ਫਿਰ ਸਮਾ ਪੈਣ ਤੇ ਬਾਹਰ ਦੀ Demand ਆਪਜੀ ਦੀ ਇਤਨੀ ਵਧ ਗਈ ਕਿ ਮਸਾਂ ਆਪ ਜੀ 10-12 ਡਯੂਟੀਆਂ ਹੀ ਮਹੀਨੇ ਭਰ ਵਿਚ ਸ੍ਰੀ ਹਰਮੰਦਰ ਸਾਹਿਬ ਅੰਦਰ ਦੇ ਸਕਦੇ ਸਨ। ਪਰ ਅਜਿਹਾ ਦਾਸ ਨੂੰ ਸਖਤ ਨਾਗਵਾਰ ਗੁਜ਼ਰਦਾ ਅਤੇ ਇਨਾਂ ਦੀਆਂ ਹਰਮੰਦਰ ਸਾਹਿਬ ਅੰਦਰ ਦੀਆਂ ਗੈਰ ਹਾਜਰੀਆਂ ਕਈ ਹੋਰ ਸ੍ਰੋਤਿਆਂ ਨੂੰ ਭੀ ਹਵੇਂ ਵਧ Pinch ਕਰਦੀਆਂ ਪਰ ਦਾਸ ਨੂੰ ਤਾਂ ਅਜਿਹੀ ਸਵਾਦਲੀ ਕਲਾਕਾਰੀ ਦੀ ਅਣਹੋਂਦ ਕਈ ਵਾਰ ਗਮ ਅਤੇ ਮਾਯੂਸੀ ਕਾਰਨ (Nerve break down) ਭੀ ਕਰ ਦੇਂਦੀ। Local) Private duties) ਭੀ ਤਾਂ ਆਪਜੀ ਦੇ ਸਕਦੇ ਜਦਕਿ ਆਪਜੀ ਇਹੀ ਦਸ ਬਾਰਾਂ ਦਿਨ ਮਹੀਨੇ ਭਰ ਵਿਚ ਇਥੇ ਅੰਮ੍ਰਿਤਸਰ ਵਿਚ ਹੁੰਦੇ। ਆਪਜੀ ਆਪਣੀ ਗਾਇਕੀ ਵਿਚ ਕਦੇ ਕੋਈ ਫਿਲਮੀ ਤਰਜ਼ ਯਾ ਇਸ ਦੀ ਅੰਸ਼ ਭੀ ਦਾਖਿਲ ਨਹੀਂ ਸੀ ਕਰਦੇ ਕਿਉਂਕਿ ਫਿਲਮੀ ਧੁੰਨ ਜੇ ਗਾਈ ਭੀ ਜਾਵੇ ਤਾਂ ਉਸ ਨਾਲ ਜੋ ਦੁਨਿਆਵੀ ਕਲਾਮ ਜੁੜੀ ਹੁੰਦੀ ਹੈ ਉਹ ਭੀ ਥੋੜੀ ਬਹੁਤ ਫਿਰ ਸ੍ਰੋਤਿਆਂ ਉਪਰ ਅਤੇ ਗਾਇਕ ਉਪਰ ਭੀ ਅਸਰ ਅੰਦਾਜ ਹੋਣ ਲੱਗਦੀ ਹੈ। ਅਸੀਂ ਸਾਰੇ ਲੋਕ ਆਪਣੀ ਮਨ ਮਤਿ ਅਨੁਸਾਰ ਰਾਤ ਦਿਨ ਭਾਵੇਂ ਇਹ ਫਿਲਮੀ ਧੁਨਾਂ ਤੇ ਗੀਤ ਰੇਡੀਓ T.V. ਤੇ ਸੁਣਦੇ ਚਲੇ ਜਾਈਏ ਪਰ ਗੁਰਮਤਿ ਯਾ ਗੁਰੂ ਸਾਹਿਬਾਂ ਦਾ ਮਨਸਾ ਕੁਝ ਇੰਜ ਹੈ—

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ।
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਇ।

(ਬਿਲਾਵਲ ਮ: 5)

ਆਪਜੀ ਮੌਕੇ ਮਹੌਲ ਸ਼ਾਦੀ ਗਮੀ (ਅਵਤਾਰ ਆਗਮਨ ਗੁਰਪੁਰਬ) ਸ਼ਹੀਦੀ ਗੁਰ ਪੁਰਬ ਪੁੰਨਿਆਂ ਅਮਾਵਸ ਸੰਗਰਾਂਦ ਦੁਸਹਿਰਾ ਹੋਲੀਆ ਅਤੇ ਹੋਰ ਦਿਨ ਦਿਹਾਰਾਂ ਦਾ ਖਿਆਲ ਰਖਦੇ ਹੋਏ ਉਵੇਂ ਹੀ ਸਮੇਂ ਅਨੁਸਾਰ ਸ਼ਬਦ ਦਾ ਮਜ਼ਮੂਨ ਚੁਣ ਲੈਂਦੇ ਤੇ ਉਹੀ ਪੇਸ਼ ਕਰਦੇ। ਆਪਜੀ ਜੇਕਰ ਕਿਸੇ ਸਹਿਜਧਾਰੀ ਗੁਰੂ ਨਾਨਕ ਨਾਮ ਲੇਵਾ ਸਜਨ ਦੇ ਬੁਲਾਵੇ ਤੇ ਕੀਰਤਨ ਜਾਂਦੇ ਤਾਂ ਉੱਥੇ ਭਾਈ ਗੁਰਦਾਸ ਜੀ ਦੀ ਰਚਨਾ ਵਿਚੋਂ ਪ੍ਰਮਾਣਾਂ ਦੀ ਸ਼ਕਲ ਵਿਚ (ਅੰਦਰ ਸਭਾ ਦੁਸਾਸਨੈ ਥੰਮ ਪਾੜ ਪ੍ਰਗਟਿਆ) (ਆਇਆ ਸੁਣਿਆਂ ਬਿਦਰ ਦੇ) ਧਰੂ ਹਸਦਾ ਘਰ ਆਇਆ ਇਤਿ ਆਦਿਕ ਵਾਰਾਂ ਦੇ ਬੋਲ ਪੇਸ਼ ਕਰਦੇ ਕਿ ਉੱਥੇ ਬੈਠੇ ਕੀਰਤਨ ਤੋਂ ਅਣਜਾਣ ਸ੍ਰੋਤੇ ਭੀ ਖੁਸ਼ੀ ਨਾਲ ਝੂਮਣ ਲਗਦੇ ਅਤੇ ਆਪਜੀ ਬਤੌਰ ਫੈਮਲੀ ਮੈਂਬਰ ਉਥੇ ਘੁਲ ਮਿਲ ਜਾਂਦੇ। ਕੋਈ ਇਮਤਿਯਾਜ ਨਾ ਰਹਿੰਦਾ ਕਿ ਇਸ ਰਬੀ ਯਾਦ ਪਿਆਰ ਵਾਲੀ ਮਹਿਫਿਲ ਵਿਚ ਸਿੱਖ ਕੌਣ ਅਤੇ ਹਿੰਦੂ ਕੌਣ ? ਯਾ ਗਾਇਕ ਕਲਾਕਾਰ ਮੁਸਲਮਾਨ ਕੌਣ ? "ਸਭੇ ਸਾਂਝੀਵਾਲ ਸਦਾਇਣ। ਕੋਇ ਨ ਦਿਸੈ ਬਾਹਰਾ ਜੀਓ"। ਕਈ ਪ੍ਰੇਮੀ ਸੱਜਨ ਤਾਂ ਆਪ ਜੀ ਨੂੰ ਅਦਬ ਸਤਿਕਾਰ ਵਜੋਂ ਚਾਂਦੀ ਦੇ ਬਰਤਨਾਂ ਵਿਚ ਖਾਣਾ ਦਾਣਾ ਪੇਸ਼ ਕਰਦੇ।

ਹਾਂ ਭਾਈ ਚਾਂਦ ਜੀ ਦੇ ਸ਼ਾਗਿਰਦ ਤਾਂ ਦਾਸ ਦੀ ਨਜ਼ਰੇ ਦੋ ਹੀ ਰਹੇ ਹਨ। ਇਕ ਭਾਈ ਤੇਗਾ ਸਿੰਘ (ਜੋ ਕਿ ਕਈ ਸਾਲਾਂ ਤੋਂ ਸਵਰਗਵਾਸ ਹੋ ਚੁਕੇ ਹਨ)।

ਹਾਂ ਪਰ ਜਿਸ ਦਾ ਗਲਾ ਬਿਲਕੁਲ ਕੰਮ ਨਹੀਂ ਸੀ ਕਰਦਾ ਇਸ ਸਜਨ ਨੇ ਭਾਈ ਸਾਹਿਬ ਜੀ ਦੀ ਕਾਫੀ ਸੇਵਾ ਸ੍ਰੀਰਕ ਤੌਰ ਤੇ ਭੀ ਕੀਤੀ। ਪਰ ਇਸ ਹੁਨਰ ਵਿਚ ਕਾਮਯਾਬ ਨਾ ਹੋ ਸਕਿਆ ਅਤੇ ਫਿਰ ਕਈ ਸਾਲ ਬਾਦ ਅਜਾਂ ਅਫ਼ਰੀਕਾ ਚਲਾ ਗਿਆ ਅਤੇ ਉੱਥੇ ਸ਼ਾਇਦ ਕਿਸੇ ਗੁਰਦਵਾਰੇ ਵਿਚ (ਗਾਉਣ ਨੂੰ ਛੱਡ ਕੇ) ਹੋਰ ਡਿਯੂਟੀਆਂ ਨਿਭਾਉਂਦਾ ਰਿਹਾ। ਦੂਜੇ ਸ਼ਾਗਿਰਦ ਆਪਜੀ ਦੇ ਭਾਈ ਬਲਵੰਤ ਸਿੰਘ ਜੀ ਕਲਕੱਤੇ ਵਾਲੇ ਸਨ ਜੋ ਕਿ ਪਹਿਲੇ ਹੀ ਗ਼ਾਲਬਨ ਢਾਕਾ ਰੇਡੀਓ ਤੇ ਪ੍ਰੋਗਰਾਮ ਦੇਂਦੇ ਰਹੇ ਸਨ ਇਨਾਂ ਨੇ ਭਾਈ ਚਾਂਦ ਜੀ ਦੀ ਗਾਇਕੀ ਦਾ ਕੁਝ ਸਾਲ ਤੌਰ ਤਰੀਕਾ ਅਪਨਾਇਆ ਅਤੇ ਖਾਸੇ ਨੁਮਾਯਾਂ ਕਾਮਯਾਬ ਭੀ ਰਹੇ। ਆਪ ਜੀ ਪਗੜੀ ਭੀ ਭਾਈ ਚਾਂਦ ਜੀ ਦੀ ਹੂ-ਬਹੂ ਨਕਲ ਕਰਕੇ ਬੰਨਿਆ ਕਰਦੇ ਸਨ। ਆਪ ਜੀ 5 ਜਨਵਰੀ 1985 ਨੂੰ ਪ੍ਰਲੋਕ ਸਿਧਾਰ ਗਏ ਸੀ ਅਤੇ ਆਪਜੀ ਦੀ ਭਾਈ ਚਾਂਦ ਜੀ ਦੀ ਨਕਲ ਕੀਤੀ ਪਗੜੀ ਇਨਾਂ ਦੇ ਲੜਕੇ ਨੇ ਉਵੇਂ ਹੀ ਬਤੌਰ ਰਸਮੇ-ਵਫ਼ਾ ਅਤੇ ਯਾਦ ਹੁਣ ਤਕ ਸੰਭਾਲ ਕੇ ASR ਵਿਚ ਰਖੀ ਹੋਈ ਹੈ। ਅੰਕ 11 ਅਪ੍ਰੈਲ 90 ਸਫ਼ਾ 15 ਉਪਰ ਪ੍ਰੋ: ਰਣਜੀਤ ਸਿੰਘ ਜੀ ਨੇ ਭਾਈ ਗੁਰਮੁਖ ਸਿੰਘ ਜੀ ਨੂੰ ਜੋ ਕਿ ਅੱਖਾਂ ਤੋਂ ਮੁਨਾਖੇ ਸਨ ਭਾਈ ਚਾਂਦ ਜੀ ਦਾ ਹੀ ਸ਼ਾਗਿਰਦ ਬਿਆਨਿਆ ਹੈ। ਪਰ ਪਤਾ ਨਹੀਂ ਇਹ ਸੱਜਨ ਦਾਸ ਦੀ ਨਜਰੋਂ ਸੰਨ 36 ਤੋਂ ਅਖੀਰ ਤਕ ਕਿਵੇਂ ਓਝਲ ਰਹੇ ? ਜਦਕਿ ਦਾਸ ਭਾਈ ਚਾਂਦ ਜੀ ਨਾਲ ਤਾਂ 12 ਕੁ ਸਾਲ ਤਕਰੀਬਨ ਨੱਥੀ ਹੀ ਰਿਹਾ ਹੈ। ਫਿਰ ਭੀ ਸ਼ਾਇਦ ਦਾਸ ਦੀ ਯਾਦ ਚੋਂ ਆਪ ਨਿਕਲ ਗਏ ਹੋਣ ਉਪਰੰਤ ਇਕ ਅਰਜ਼ ਇਹ ਭੀ ਹੈ ਕਿ ਰਬਾਬੀ ਸੱਜਨ ਆਪਣੀ ਗਾਇਕੀ ਵਿਚ ਇਸ

ਲਈ ਭੀ ਮੋਹਰੇ ਪੇਸ਼ ਅਤੇ ਪ੍ਰਬੀਨ ਸਨ ਕਿ ਇਨਾਂ ਨੇ classical music ਦੀ ਪਿਤਾ ਪੁਰਖੀ ਤਾਲੀਮ ਜ਼ਰੂਰ ਹੀ ਕੁਝ ਨਾ ਕੁਝ ਲੀਤੀ ਹੀ ਹੁੰਦੀ ਸੀ।ਸੋ ਜਿੱਥੇ ਗਾਉਣ ਵਜਾਉਣ ਦਾ ਜ਼ਿਕਰ ਹੋਊ ਉਥੇ ਸ਼ਾਸਤਰੀ ਸੰਗਤੀ ਦੀ ਪ੍ਰਧਾਨਤਾ ਭੀ ਅਵਸ਼ ਹੀ ਕਬੂਲਣੀ ਪਊ ਸੋ ਜੇਕਰ ਕਿਸੇ ਭੀ ਰਾਗੀ ਰਬਾਬੀ ਸੱਜਨ ਨੇ ਸ਼ਾਸਤਰੀ ਸੰਗੀਤ ਦੀ ਤਾਲੀਮ ਤਾਂ ਨਾ ਲੀਤੀ ਹੋਵੇ ਅਤੇ ਐਵੇਂ ਸਾਜ਼ ਫੜਕੇ ਸਟੇਜ ਤੇ ਆ ਜਾਵੇ ਤਾਂ ਕਦੇ ਭੀ ਉਹ ਕਾਮਯਾਬੀ ਹਾਸਿਲ ਨਹੀਂ ਕਰ ਸਕਦਾ ਅਤੇ ਇੰਜ ਨਾ ਹੀ ਉਸਦੀ ਗਾਇਕੀ ਕਿਸੇ ਸਿਆਣੇ ਸੂੱਤੇ ਨੂੰ ਕੀਲ ਸਕਦੀ ਹੈ ਯਾ ਪ੍ਰਭਾਵਿਤ ਕਰ ਸਕਦੀ ਹੈ। This is without prejudice.

ਪਾਠਕ ਸੱਜਨ ਇਹ ਜਾਣਕੇ ਹੈਰਾਨ ਹੋਣਗੇ ਕਿ ਸ਼ਾਸਤਰੀ ਸੰਗੀਤ ਦੇ ਇਕ ਮਾਹਿਰ ਸ੍ਰੀ ਦੇਬੂ ਚੌਧਰੀ ਜੋ ਕਿ ਪਿੱਛੇ ਦਿੱਲੀ ਵਿਸ਼ਵ-ਵਿਦਿਆਲਾ ਵਿਚ ਸੰਗੀਤ ਵਿਭਾਗ ਦੇ ਪ੍ਰੋਫੈਸਰ ਸਨ ਨੇ ਇਕ ਵਾਰ ਕਿਹਾ ਸੀ ਕਿ ਸ਼ਾਸਤਰੀ ਸੰਗੀਤ public ਦਾ ਸਿਰਫ਼ ਮਨੋ-ਰੰਜਨ ਹੀ ਨਹੀਂ ਕਰਦਾ ਬਲਕਿ ਘਾਤਕ ਅਤੇ ਅਸਾਧਯ ਬੀਮਾਰੀਆਂ ਦਾ ਇਲਾਜ ਭੀ ਇਸ ਨਾਲ ਸੰਭਵ ਹੈ। ਮਸਲਨ ਰਾਗ ਭੈਰਵੀ ਨਾਲ ਤੇਜ ਬੁਖਾਰ ਉਤਰ ਜਾਂਦਾ ਹੈ। ਰਾਗ ਗੌਂਡ ਸਾਰੰਗ ਦੁਰਗਾ ਅਤੇ ਬਿਹਾਗ ਨਾਲ ਹਾਰਟ-ਟਰੱਬਲ ਦੂਰ ਹੋ ਸਕਦੀ ਹੈ। ਰਾਗ ਦੁਰਗਾਵਤੀ ਨਾਲ High blood pressure ਠੀਕ ਹੋ ਸਕਦਾ ਹੈ ਅਤੇ ਰਾਗ ਨਿਵਾਦੇਵੀ ਨਾਲ ਨੀਂਦ ਨਾ ਆਣ ਦੀ ਬੀਮਾਰੀ ਹਟ ਸਕਦੀ ਹੈ। ਇਤਨਾ ਹੀ ਨਹੀਂ ਦਮਾਂ ਅਲਸਰ ਅਤੇ ਮਾਨਸਿਕ ਰੋਗ ਭੀ ਅਜਿਹੇ ਸੰਗੀਤ ਨਾਲ ਠੀਕ ਹੋ ਸਕਦੇ ਹਨ। ਨਾਲ ਹੀ ਉਨ੍ਹਾਂ ਫੁਰਮਾਇਆ ਕਿ ਜੇਕਰ ਇਨ੍ਹਾਂ ਦੀ ਗਾਇਕੀ ਸਮੇਂ ਵਿਚ ਕੋਈ ਸੂਰ ਗਲਤ ਲਗ ਜਾਏ ਤਾਂ ਮਰੀਜ਼ ਤੇ ਉਲਟਾ ਅਸਰ ਭੀ ਹੋ ਸਕਦਾ ਹੈ।

ਕਾਸ਼ ਅਜਿਹੇ ਉੱਚ ਕੋਟੀ ਦੇ ਸ਼ਾਸਤਰੀ ਸੰਗੀਤ ਗਾਇਕ ਕੀਰਤਨਕਾਰ ਵਾਹਿਗੁਰੂ ਸਾਨੂੰ ਇਸ ਦੌਰ ਚ ਭੀ ਲਿਆ ਸਾਹਮਣੇ ਕਰੇ। ਪਰ ਦਾਸ ਦੀ ਇਸ ਬੁਢੇਪੇ ਦੀ ਹਯਾਤੀ ਵਿਚ ਤਾਂ ਫਿਲਹਾਲ ਅਜਿਹੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ। ਚਲੋ ਜਿਵੇਂ ਉਸ ਮਾਲਕ ਦੀ ਰਜ਼ਾ।

ਭਾਈ ਚਾਂਦ ਜੀ ਥੋੜ੍ਹੀ ਮਜ਼ਾਹੀਆ ਤਬੀਅਤ ਭੀ ਰੱਖਦੇ ਸਨ। ਪਰ ਅਜਿਹਾ ਮਜਾਕ ਨਹੀਂ ਸਨ ਕਰਦੇ ਜੋ ਦੂਸਰੇ ਦੀ ਇੱਜ਼ਤ ਤੇ ਹਬ ਪਵੇ ਯਾ ਉਹ ਜਾਣ ਪਹਿਚਾਣ ਵਾਲਾ ਸਖਸ Ill feel ਕਰੇ। ਇਕ ਵਾਰ ਕਿਸੇ ਸੱਜਨ ਨੇ ਬਾਹਰ ਪ੍ਰਦੇਸ 'ਚ ਆਪਜੀ ਨੂੰ ਪੁੱਛਿਆ ਕਿ ਭਾਈ ਸਾਹਿਬ ਰਾਤ ਡੇਰਾ ਕਿੱਥੇ ਆਪਜੀ ਨੇ ਕੀਤਾ ਹੈ? ਜਵਾਬ ਵਜੋਂ ਆਪਜੀ ਬੋਲੇ ਕਿ ਫਿਲਹਾਲ ਤਾਂ ਕੋਈ ਪਤਾ ਨਹੀਂ ਜਦ ਅੱਧੀ ਰਾਤ ਡਿਯੂਟੀ ਦੇ ਕੇ ਉਠਾਂਗੇ ਫਿਰ ਦੇਖੋ ਪ੍ਰਬੰਧਕ ਕਿਹੜੇ ਰੁਖ ਨਾਲ ਲਟਕਣ ਲਈ (ਚਮਗਿਦੜਾਂ ਵਾਂਗ) ਕਹਿ ਦੇਣ? ਸੋ ਚਲੋ ਜਿਥੇ ਅਸੀਂ ਲਟਕਾਂਗੇ ਤੁਸੀਂ ਭੀ ਬੇਸ਼ਕ ਉਸੇ ਰੁਖ ਨਾਲ ਹੀ ਲਟਕ ਜਾਣਾ। ਆਪਜੀ ਬਾਰੇ ਕੁਝ ਹੋਰ ਮੁਖਤਲਿਫ਼ ਯਾਦਾਂ ਭੀ ਹਨ।

ਇਕ ਵਾਰ ਸ੍ਰੀ ਤਰਨਤਾਰਨ ਦਰਬਾਰ ਸਾਹਿਬ ਵਿਖੇ ਰਾਤ ਨੂੰ ਆਪਜੀ ਦੀ Duty ਸ਼ੁਰੂ ਹੋਈ। ਜਦ ਆਪ ਜੀ ਨੇ ਮੰਗਲਾ-ਚਰਨ ਕਰਕੇ ਕੁਝ ਰਾਗ ਰੰਗ ਦਾ ਸਰੂਪ ਪੇਸ਼ ਕਰਨ ਤੋਂ ਬਾਦ ਇਕ ਕਵਾਲੀ ਨੁਮਾ ਤਰਜ਼ ਵਿਚ ਕੁਝ ਗਾਇਨ ਸ਼ੁਰੂ ਕੀਤਾ ਤਾਂ ਵਿਚੋਂ ਕੁਝ ਸੰਗਤ ਸੁਰੀ-ਬੇਸੁਰੀ ਨਾਲ ਬੋਲਣ ਲਗ ਪਈ। ਆਪਜੀ ਨੇ ਤਬਲੇ ਤੇ ਹੱਥ ਰਖਕੇ ਫੌਰਨ ਸਾਜ਼ ਠਪ ਕਰ ਦਿਤੇ ਅਤੇ ਦਾਸ ਦੀ ਮੌਜੂਦਗੀ ਵਿਚ ਕਹਿਣ ਲੱਗੇ :

ਸੰਗਤ ਜੀ, ਮੇਰੇ ਧੰਨ ਭਾਗ ਕਿ ਅੱਜ ਮੈਨੂੰ ਭੀ ਕੁਝ ਸ੍ਰਵਣ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਗਾਉਂਦਾ ਬੋਲਦਾ ਤਾਂ ਮੈਂ ਰੋਜ਼ ਹੀ ਹਾਂ। ਇਤਨੇ ਵਿਚ ਸਨਾਟਾ ਛਾ ਗਿਆ ਅਤੇ ਆਪਜੀ ਨੇ ਫਿਰ ਆਪਣਾ ਪ੍ਰੋਗਰਾਮ ਚਾਲੂ ਕੀਤਾ। ਆਪਜੀ ਜ਼ਬਾਨ ਦੇ ਭੀ ਬੜੇ ਮਿਠ ਬੋਲੇ ਸਨ ਦੀਵਾਨ ਸਮੇਂ ਕੋਈ ਛੋਟਾ ਬੱਚਾ ਵਿਚ ਘੜੀ ਘੜੀ ਫਿਰਦਾ ਤੁਰਦਾ ਹੋਵੇ ਸ਼ੋਰ ਗੁਲ ਕਰੇ ਤਾਂ ਆਪਜੀ ਉਸਨੂੰ ਯਾ ਉਸਦੇ ਵਾਰਸਾਂ ਨੂੰ ਝਿੜਕਾਂ ਨਹੀਂ ਸਨ ਮਾਰਦੇ ਬਲਕਿ ਖਬੇ ਹੱਥ ਦੇ ਇਸ਼ਾਰੇ ਨਾਲ ਕਹਿ ਦੇਂਦੇ 'ਪੁੱਤਰ ਜੀ ਬੈਠ ਜਾਉ ਬੇਟਾ ਬੈਠ ਜਾਉ ਅਜਿਹਾ ਸੁਣਕੇ ਫੌਰਨ ਉਸਦੀ ਮਾਤਾ ਯਾ ਹੋਰ ਕੋਈ ਵਾਰਸ ਉਸਨੂੰ ਫੜਕੇ ਪਰੇ ਲੈ ਜਾਂਦਾ। ਮੈਨੂੰ ਯਾਦ ਹੈ ਸਾਡੇ ਇਕ ਬਜ਼ੁਰਗ ਪਰ ਗੁਰਮਿਤ ਦੇ ਪੁਰਾਣੇ ਖੋਜੀ ਬੜੇ ਵਿਦਵਾਨ ਅਤੇ ਤਜਰਬਾਕਾਰ ਸਿਦਕੀ ਕਥਾਕਾਰ ਹੁੰਦੇ ਸਨ ਜੋ ਕਿ ਗੁਰੂ ਕੇ ਬਾਗ ਵਿਖੇ ਅਤੇ ਬਾਬਾ ਅਟਲ ਬਾਰਾਂ ਦਰੀ ਉਪਰ ਭੀ ਕਈ ਸਾਲ ਬੜੀ ਸਿਧਾਂਤਕ ਰਸ-ਭਰਪੂਰ ਕਥਾ ਕਰਿਆ ਕਰਦੇ ਸਨ। ਅਰਦਾਸ ਤਾਂ ਇੰਜ ਗੁਰੂ ਕੇ ਪਿਆਰ ਵਿਚ ਡੁਬਕੇ ਤਰਲੇ ਲੈ ਲੈ ਕੇ ਕਰਦੇ ਸਨ ਕਿ ਸ੍ਰੋਤਿਆਂ ਦੀ ਬਿਰਤੀ ਗੁਰੂ ਦੀ ਸ਼ਰਨ ਵਿਚ ਬਹੁਤ ਇਕਾਗਰ ਹੋ ਜਾਂਦੀ ਕਈ ਸਾਲ ਹੋਏ ਗਾਲਬਨ ਸੰਨ 56 ਵਿਚ ਸਵਰਗਵਾਸ ਹੋ ਚੁਕੇ ਹਨ। ਪਰ ਇਕ ਗੱਲ ਸੀ ਆਪਜੀ ਗੁਸੈਲ ਭੀ ਬਹੁਤ ਸਨ (ਦਾਸ ਇਥੇ ਉਨ੍ਹਾਂ ਦਾ ਨਾਮ ਨਹੀਂ ਲਿਖਦਾ) ਆਪਜੀ ਦੀ ਕਥਾ ਸਮੇਂ ਅਗਰ ਕੋਈ ਨਿਆਣਾ ਯਾ ਬੱਚਾ ਇੰਜ ਵਿਚ ਬਾਰ ਬਾਰ ਫਿਰਦਾ ਯਾ ਰੌਲਾ ਰੱਪਾ ਪਾਂਦਾ ਤਾਂ ਆਪਜੀ ਫੌਰਨ ਇੰਜ ਝਿੜਕਾਂ ਦੇ ਕੇ ਤੇ ਡਾਂਟ ਪਿਲਾਕੇ ਉਸ ਦੇ ਵਾਰਸ ਯਾ ਮਾਤਾ ਨੂੰ ਕਥਾ ਚੋਂ ਉਠਾ ਦੇਂਦੇ। "ਚੁਕੋ ਮਾਈ ਕਿਹਦਾ ਬਾਲ ਹੈ? ਘਰੋਂ ਜੰਮ ਕੇ ਇਥੇ ਨਾਲ ਨਿਆਣਿਆਂ ਨੂੰ ਲੈ ਆਉਂਦੀਆਂ ਹਨ ਤੇ ਆ ਜਾਂਦੀਆਂ ਹਨ, ਇਥੇ ਕਥਾ ਸੁਣਨ" ਸੋ ਅਜਿਹੇ ਬੋਲ ਸੁਣਕੇ ਉਹ ਮੁਤਅੱਲਿਕ ਭੈਣ ਯਾ ਮਾਤਾ ਨਿਮੋਝੂਣੀ ਹੋ ਕੇ ਫੌਰਨ ਬਾਲ ਨੂੰ ਚੁਕਕੇ ਕਥਾ ਮਾਹੌਲ ਵਿਚੋਂ ਬਾਹਰ ਚਲੀ ਜਾਂਦੀ। ਪਰ ਵਾਜਿਹ ਰਹੇ ਕਿ ਉਪਰੋਕਤ ਕਥਾਕਾਰ ਵਿਦਵਾਨ ਦਿਲੋਂ ਖੋਟੇ ਨਹੀਂ ਸਨ। ਪਰ ਗੁਰਬਾਣੀ ਵਿਚ ਇਹ ਹਕੀਕਤ ਜੋ ਫੁਰਮਾਈ ਗਈ ਹੈ ਕਿ—

"ਇਸ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭ ਮੋਹ ਅਹੰਕਾਰਾ।
ਅੰਮ੍ਰਿਤ ਲੂਟਹਿ ਮਨਮੁਖ ਨਹੀਂ ਬੂਝਹਿ ਕੋਇ ਨ ਸੁਣੈ ਪੂਕਾਰਾ"

ਸ਼ਾਇਦ ਭਾਈ ਗੁਰਦਾਸ ਜੀ ਦਾ ਭੀ ਕੌਲ ਹੈ ਕਿ 'ਮਾਨਸ ਦੇਹੀ ਪੰਜ ਰੋਗ ਪੰਜੇ ਦੂਤ ਕਸੂਤ ਕਰੇਂਦੇ' ॥

ਸੋ ਇੰਜ ਕੋਈ ਨਾ ਕੋਈ ਇਲਤ ਬੁਰਾਈ ਬਲਾ ਤਾਂ ਹਰ ਮਨੁਖ ਨੂੰ ਕਿਸੇ ਹਦ ਤਕ ਅਕਸਰ ਚੰਬੜੀ ਹੀ ਰਹਿੰਦੀ ਹੈ। ਦਾਸ ਵਰਗੇ ਕਈ ਲੋਕਾਂ ਨੂੰ ਤਾਂ ਸ਼ਾਇਦ ਪੰਜੇ ਬੁਰਾਈਆਂ ਹੀ ਵੇਲੇ ਕੁਵੇਲੇ ਘੇਰੀ ਰਹਿੰਦੀਆਂ ਹੋਣ।

ਹਾਂ: ਭਾਈ ਚਾਂਦ ਜੀ ਜ਼ਦ 10—12—15 ਦਿਨ ਕਦੇ ਅੰਮ੍ਰਿਤਸਰ ਵਿਖੇ ਹੁੰਦੇ ਅਤੇ ਵਿਚ ਕੋਈ ਗੁਰਪੁਰਬ ਖਾਸ ਆ ਜਾਂਦੇ ਤਾ ਆਪ ਜੀ ਦੇ ਜਥੇ ਦੀ ਡਿਯੂਟੀ ਭੀ ਸ੍ਰੀ ਅਕਾਲ ਤਖਤ ਤੇ ਰਾਤ end ਤੇ ਲਗ ਜਾਂਦੀ ਅਤੇ ਨਗਰ ਕੀਰਤਨ ਜੋ ਬਜ਼ਾਰੋ ਬਜ਼ਾਰ ਨਿਕਲਦਾ ਉਸ ਵਿਚ ਭੀ ਭਾਈ ਚਾਂਦ ਜੀ ਦਾ ਜੱਥਾ ਭਈ ਤਾਬਾ ਸੰਤੂ ਜੀ ਦਾ ਜਥਾ ਤੇ ਕੁਝ ਹੋਰ ਸਮੇਂ ਦੇ ਉੱਘੇ ਰਾਗੀ ਜਥੇ ਭੀ ਤਾਂਗਿਆਂ ਵਿਚ ਬੈਠਕੇ ਕੀਰਤਨ ਰਾਹੀਂ ਸੰਗਤਾਂ ਤੇ ਰਾਹਗੁਜ਼ਰਾਂ ਨੂੰ ਗੁਰੂ ਜਸ ਸੁਣਾਉਂਦੇ ਅਤੇ ਇੰਜ ਹਰ ਜੱਥੇ ਨੂੰ ਕਾਫੀ ਸ਼ਬਦ ਭੇਟ ਪ੍ਰਾਪਤ ਹੋ ਜਾਂਦੀ। ਪਰ ਭਾਈ ਚਾਂਦ ਜੀ ਨੂੰ ਤਾਂ ਕਾਫੀ ਤੋਂ ਭੀ ਕਾਫੀ ਮਾਇਆ ਇੰਜ ਪ੍ਰਾਪਤ ਹੁੰਦੀ।

ਇਕ ਵਾਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਦਰ ਡਿਊਟੀ ਸਮੇਂ ਰਿਸ਼ਤੇ ਚੋਂ ਭਾਈ ਚਾਂਦ ਜੀ ਦਾ ਵੱਡਾ ਭਰਾ ਭਾਈ ਚਾਨਣ ਪਤਾ ਨਹੀਂ ਕੁਝ ਮਿੰਟ ਕਿਹੜੇ ਖਿਆਲਾਂ ਤੇ ਸੋਚਾਂ ਵਿਚ ਗਲਤਾਨ ਰਿਹਾ? ਉਸਨੇ ਨਾ ਆਵਾਜ਼ ਲਗਾਈ ਤੇ ਨਾ ਕੁਝ ਭਾਈ ਚਾਂਦ ਜੀ ਦੀ ਹੋਰ ਮਦਦ ਖਾਸ ਕੀਤੀ। ਦਾਸ ਇਨ੍ਹਾਂ ਦੇ ਪਿੱਛੇ ਬੈਠਾ ਸੀ। ਭਾਈ ਚਾਂਦ ਜੀ ਹੌਲੇ ਜਿਹੇ ਗੁਸੇ ਭਰੇ ਮੂਡ ਵਿਚ ਭਾਈ ਚਾਨਣ ਨੂੰ ਇੰਜ ਆਖਿਆ ਕਿ ਤੂੰ ਓਦੋਂ ਬੋਲੇਗਾ ਜਦੋਂ ਮੈਂ ਮਰ ਜਾਵਾਂਗਾ" ? ਭਾਵ ਕਿ ਭਾਈ ਚਾਂਦ ਜੀ ਡਿਊਟੀ ਸਮੇਂ ਕਦੇ ਭੀ ਆਪਣੇ ਖਬੇ ਸਜੇ ਸਾਥੀ ਦੀ ਕਾਂਣ ਕਸਰ ਬ੍ਰਦਾਸ਼ਤ ਨਹੀਂ ਸਨ ਕਰਦੇ। ਭਾਈ ਸਾਹਿਬ ਲਿਹਾਜ਼ ਖੋਰ ਭੀ ਕਾਫੀ ਸਨ। ਖੁਦ ਭੀ ਇੱਜ਼ਤ ਇਹਤਰਾਮ ਨਾਲ ਦੂਜਿਆਂ ਦੇ ਅੱਡਿਆਂ ਸੱਦਿਆਂ ਤੇ ਜਾਂਦੇ। ਅਤੇ ਆਪ ਭੀ ਬੁਲਾਉਣ ਵਾਲਿਆਂ ਦਾ ਇਹਤਰਾਮ ਕਰਦੇ। ਸੰਨ ਗਾਲਬਨ 1936 ਸੀ। ਜਦ ਦਾਸ ਨੇ ਬੇ-ਵਾਕਿਫ ਹੁੰਦੇ ਹੋਏ ਹੀ ਆਪ ਜੀ ਨੂੰ ਆਪਣੇ ਗਰੀਬ ਖਾਨੇ ਸੁਖ ਸਹਿਜ ਪਾਠ ਦੇ ਭੋਗ ਤੇ ਬੁਲਾਇਆ ਤਾਂ ਆਪ ਜੀ ਨੂੰ ਸਿਰਫ ਚਾਰ ਰੁਪੈ ਸ਼ਬਦ ਭੇਟ ਅਰਪਨ ਕੀਤੀ। ਆਪ ਜੀ ਲੋਕਲ ਤਾਂ ਕਦੇ ਕਿਸੇ ਬੁਲਾਣ ਵਾਲੇ ਸ਼ਖਸ਼ ਨਾਲ ਸ਼ਬਦ ਭੇਟ ਤਹਿ ਨਹੀਂ ਸਨ ਕਰਦੇ ਬਾਹਰ Out Station ਬਾਰੇ ਦਾ ਦਾਸ ਨੂੰ ਕੁਝ ਪਤਾ ਨਹੀਂ ਹੈ। ਬਾਦ-ਅਜ਼ਾ ਤਾਂ ਭਾਈ ਸਾਹਿਬ ਦਾਸ ਤੋਂ ਕਦੇ ਕੋਈ ਦਾਸ ਦੇ ਜ਼ਾਤੀ ਸੱਦੇ ਦਾ ਧੇਲਾ ਨਹੀਂ ਸਨ ਲਿਆ ਕਰਦੇ। ਦਾਸ ਦੀ ਸ਼ਾਦੀ ਸਮੇਂ ਸੰਨ 1940 ਵਿਚ ਸਿਹਰਾ ਗੁਰਬਾਣੀ ਦੇ ਆਧਾਰ ਤੇ ਆਪ ਜੀ ਨੇ ਲਿਖਕੇ ਦਿੱਤਾ ਅਤੇ ਸਿਹਰਾ ਬੰਦੀ ਤੋਂ ਘੰਟਾ-ਕੁ ਪਹਿਲੇ ਦਾਸ ਦੇ ਅੱਡੇ ਤੇ ਸ਼ਬਦ ਕੀਰਤਨ ਭੀ ਆਪ ਜੀ ਨੇ ਕੀਤਾ। ਅਤੇ ਫਿਰ ਇਕਲੇ ਬ੍ਰਾਤ ਦੇ ਨਾਲ ਭੀ ਗਏ। ਵੈਸੇ ਦਾਸ ਨੇ ਆਪ ਜੀ ਨੂੰ ਦਰਜਨਾਂ ਜਗ੍ਹਾ ਤੇ ਕੀਰਤਨ ਸਬੰਧ ਵਿਚ ਕਈ ਥਾਵਾਂ ਤੇ (Local) ਭਿਜਵਾਇਆ ਅਗਰ ਉਸੇ ਦਿਨ ਅਤੇ ਸਮੇਂ ਆਪ ਜੀ Free ਹੁੰਦੇ ਤਾਂ ਦਾਸ ਦੇ ਕਹੇ ਯਾ ਦੱਸੇ ਅਡੇ ਤੇ ਜਰੂਰ ਜਾਂਦੇ। ਦਾਸ ਭੀ ਆਪ ਜੀ ਜਦ

ਬਾਹਰ ਪ੍ਰਦੇਸ਼ ਗਏ ਹੁੰਦੇ ਤਾਂ ਆਪ ਜੀ ਦੇ ਘਰ ਬੂਹੇ ਦੀ ਸੁਧ-ਸੰਭਾਲ ਬਾਰੇ-ਗਾਹੇ-ਬਗਾਹੇ ਪੁਛ ਪ੍ਰਤੀਤ ਕਰਦਾ ਰਹਿੰਦਾ ਅਤੇ ਆਪ ਜੀ ਕਦੇ ਕੋਈ ਕੰਮ ਕਹਿ ਦੇਂਦੇ ਤਾਂ ਦਾਸ ਉਸ ਨੂੰ ਸਿਰੇ ਚਾੜ੍ਹ ਦਿਲੀ-ਪ੍ਰਸੰਨਤਾ ਮਹਿਸੂਸ ਕਰਦਾ। ਕਈ ਵਾਰ ਆਪ ਜੀ ਬਾਹਰੋਂ ਪ੍ਰਦੇਸੋਂ ਆਕੇ ਘਰ ਥੱਕੇ ਮਾਦੇ ਜਦ ਕੁਝ ਆਰਾਮ ਕਰਦੇ ਤਾਂ ਬਾਹਰੋਂ ਲਿਆਂਦੀ ਮਾਇਆ ਦਾਸ ਇਹ ਅਮਾਨਤ ਆਪ ਜੀ ਵਲੋਂ ਸ੍ਰੀ ਹਰਿਮਿੰਦਰ ਸਾਹਿਬ ਅੰਦਰ ਭਾਈ ਸੁਰਜਨ ਸਿੰਘ ਜੀ 'ਅਰਦਾਸੀਆਂ ਹੱਥ ਜਮ੍ਹਾਂ ਕਰਾ ਦੇਂਦਾ।

ਅਖੀਰ ਸੰਨ 1946 ਦੇ ਗਾਲਬਨ ਸ਼ੁਰੂ ਵਿਚ ਹੀ ਆਪ ਜੀ ਦੇ ਫੇਫੜਿਆਂ ਵਿਚ ਕੁਝ ਤਕਲੀਫ ਤੇ ਨੁਕਸ ਭਾਸਣ ਲਗ ਪਿਆ। ਹਕੀਮ ਡਾਕਟਰਾਂ ਦਸਿਆ ਕਿ ਆਪ ਦੀ ਸੀਨੇ ਦੇ ਜ਼ੋਰ ਨਾਲ ਕੀਤੀ ਭਰਵੀਂ ਗਾਇਕੀ ਹੀ ਇਸ ਤਕਲੀਫ ਦਾ ਕਾਰਨ ਹੈ। ਅਤੇ ਅੱਗੇ ਤੋਂ ਆਪ ਜੀ ਨੂੰ ਉਨ੍ਹਾਂ ਹਦਾਇਤ ਕੀਤੀ ਕਿ ਆਪ ਜੀ ਹਲਕਾ ਆਹਿਸਤਾ ਤੇ ਥੋੜਾ ਤੇ ਸਾਦਾ ਗਾਇਨ ਕੀਤਾ ਕਰੋ ਅਤੇ Rest ਜ਼ਿਆਦਾ ਕਰੋ। ਆਪ ਜੀ ਨੇ ਫਿਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਸਰਵਿਸ ਤਾਂ ਛੱਡ ਦਿੱਤੀ ਪਰ ਆਪ ਜੀ Private ਕੀਰਤਨ Public ਵਲੋਂ ਬੁਲਾਏ ਜਾਣ ਤੇ ਕਰਦੇ ਰਹੇ। ਲੋਕਲ ਭੀ ਤੇ Out Stations ਤੇ ਵੀ ਭਾਵੇਂ ਨਾਲ ਨਾਲ ਦਵਾ ਦਾਰੂ ਭੀ ਲੈਂਦੇ ਰਹੇ। ਨਤੀਜੇ ਵਜੋਂ ਆਪ ਜੀ ਫਿਰ ਚੋਖੇ ਬੀਮਾਰ ਰਹਿਣ ਲਗ ਪਏ ਅਤੇ ਆਪ ਜੀ ਦੀ ਸਿਹਤ ਭੀ ਕਦਰੇ ਡਾਊਨ ਹੋਣ ਲੱਗ ਪਈ।

ਸੋ ਅਖੀਰ ਹਿੰਦ-ਪਾਕ ਦੀ ਵੰਡ ਸਮੇਂ ਆਪ ਜੀ ਲਾਹੌਰ ਚਲੇ ਗਏ। ਸ਼ਾਇਦ ਸੰਨ 47 ਦਾ ਅਖੀਰ ਸੀ ਯਾ ਸੰਨ 1948 ਦੀ ਸ਼ੁਰੂ ਦਾਸ ਆਪ ਜੀ ਨੂੰ ਪ੍ਰੇਮ ਪਿਆਰ ਵਜੋਂ ਸਰਕਾਰੀ ਆਗਿਆ ਲੈਕੇ ਸ਼ਾਇਦ ਮਹੀਨੇ ਮਹੀਨੇ ਦੀ ਵਿਥ ਤੇ ਦੋ ਵਾਰ ਵਾਹਗਾ ਬਾਰਡਰ ਤੇ ਜਾ ਕੇ ਮਿਲਿਆ। ਦੁਖ ਸੁਖ ਪੁੱਛਿਆ ਸੁਣਿਆ ਪਰ ਹਾਲਾਤ ਅਗੇ ਕੋਈ ਪੇਸ਼ ਨਾ ਗਈ। ਫਿਰ ਕਿਸੇ ਆਉਂਦੇ ਜਾਂਦੇ ਦੇ ਰਾਹੀਂ ਕੁਝ ਕੁਝ ਪਤਾ ਲਗਦਾ ਰਿਹਾ ਕਿ ਆਪ ਜੀ ਲਾਹੌਰ ਵਿਖੇ ਘਰ ਅਕਸਰ ਬੀਮਾਰ ਹੀ ਲੇਟੇ ਰਹਿੰਦੇ ਹਨ। ਸੋ (ਜੋ ਆਇਆ ਸੋ ਚਲਸੀ। ਸਭ ਕੋ ਆਈ ਵਾਰੀਐ) ਅਖੀਰ ਸੁਣਿਆ ਗਿਆ ਕਿ ਆਪ ਜੀ ਸੰਨ 1949 ਜੂਨ ਮਹੀਨੇ ਵਿਚ ਵਾਹਿਗੁਰੂ ਨੂੰ ਪਿਆਰੇ ਹੋ ਗਏ ਹਨ। ਦਾਸ ਨੇ ਇਨ੍ਹਾਂ ਦੇ ਘਰ ਵੀ ਤਾਰ ਦਿਤੀ ਅਤੇ ਭਾਈ ਸਾਹਿਬ ਭਾਈ ਲਾਲ ਜੀ ਨੂੰ ਭੀ ਚਿੱਠੀ ਪਾਕੇ Confirm ਕਰਨਾ ਚਾਹਿਆ। ਸੋ ਭਾਈ ਲਾਲ ਜੀ (Classical/Supervisor/Lahore/Radio ਦਾ ਜਵਾਬ ਆਯਾ ਕਿ ਠੀਕ ਭਾਈ ਚਾਂਦ ਜੀ ਜੂਨ 1949 ਦੇ ਤੀਸਰੇ ਹਫਤੇ ਅੱਲਾ ਨੂੰ ਪਿਆਰੇ ਹੋ ਗਏ ਹਨ। ਇੰਜ ਆਪ ਜੀ ਲਗ-ਭਗ 45 to 47 ਸਾਲ ਦੀ ਆਯੂ ਹੀ ਭੋਗ ਸਕੇ। ਉਨੀਂ ਦਿਨੀ ਦਾਸ ਸੰਤ ਨਿਰਮਲ ਜੀ ਦੀ ਸੰਗਤ ਵਿਚ ਹੀ ਥੋੜ੍ਹਾ ਬਹੁਤ Attach ਸੀ। ਇਧਰ ਪਾਕਿਸਤਾਨ ਬਣਣ ਤੋਂ ਬਾਦ ਸੰਨ 1948 ਵਿਚ ਗਾਲਬਨ ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ ਜੀ ਸ੍ਰੀ ਅੰਮ੍ਰਿਤਸਰ ਆ ਗਏ, ਜੋ ਕਿ ਇਕ ਮਹਾਨ ਸੰਜੀਦਾ ਗੁਰਮਤ ਦੇ ਖੋਜੀ ਫ਼ਲਾਸਫਰ ਅਤੇ ਮਨੋ-

ਵਿਗਿਆਨ ਮਾਹਿਰ ਸ਼ਖਸੀਅਤ ਹਨ ਹੁਣ 80 ਸਾਲਾ ਬਜ਼ੁਰਗ ਹੋ ਚੁਕੇ ਹਨ। ਆਪਣੀ ਇਲਮੀਅਤ ਦੀ ਕਾਬਲੀਅਤ ਅਤੇ ਇਖਲਾਕੀ ਬਲੰਦੀ ਦੀ Base ਤੇ ਆਪ ਜੀ ਉਨੀ ਦਿਨੀ ਹੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਦਰ ਹੈਡ ਗ੍ਰੰਥੀ ਦੀ ਪੋਸਟ ਤੇ ਫਿਟ ਹੋ ਗਏ। ਨਾਲ ਨਾਲ ਆਪ ਜੀ ਗੁਰੂ ਕੇ ਬਾਗ ਅੰਮ੍ਰਿਤਸਰ ਵਿਖੇ ਹਫ਼ਤੇਵਾਰ ਸ਼ਾਮ ਐਤਵਾਰ ਨੂੰ ਗੁਰਮੱਤ ਲੈਕਚਰ ਭੀ ਦੇਂਦੇ। ਦਾਸ ਆਪ ਜੀ ਦੇ ਅਜਿਹੇ (to the point) ਗੁਰਮਤ ਸਿਧਾਤਾਂ ਨੂੰ ਉਜਾਗਰ ਕਰਨ ਵਾਲੇ ਲੈਕਚਰਾਂ ਤੋਂ ਬਹੁਤ ਮੁਤਾਸਿਰ ਹੋਇਆ ਸੋ ਦਾਸ ਨੇ ਆਪ ਜੀ ਨਾਲ ਇਲਮ ਦੋਸਤੀ ਦੇ ਨਾਤੇ ਓਦੋਂ ਹੀ ਭੁੱਲਦੀ ਸੰਬੰਧ ਕਾਇਮ ਕਰ ਲਏ ਜੋ ਕਿ ਵਾਹਿਗੁਰੂ ਬਖਸ਼ਿਸ਼ ਨਾਲ ਹੁਣ ਤਕ Family member ਵਾਂਗ ਬ੍ਰ-ਕਰਾਰ ਹਨ ਸ਼ਾਇਦ ਸੰਨ 1966 ਤੋਂ ਬਾਦ ਆਪ ਜੀ ਦੋ ਵਾਰ M P. ਭੀ ਰਹੇ ਪਰ ਇਸ ਤੋਂ ਪਹਿਲੇ ਲਗ ਭਗ 16 ਸਾਲ ਆਪ ਜੀ ਗੁਰੂ ਕੇ ਬਾਗ ਅੰਮ੍ਰਿਤਸਰ ਵਿਖੇ ਗੁਰਮਤ ਲੈਕਚਰ ਹਫਤਾਵਾਰੀ ਦੇਂਦੇ ਰਹੇ। ਸੋ ਇੰਜ ਅਜਿਹੇ ਤਅਲੁਕਾਤ ਦੇ ਅਧੀਨ ਉਪਰੋਕਤ ਗਿਆਨੀ ਭੁਪਿੰਦਰ ਸਿੰਘ ਜੀ ਨੇ ਦਾਸ ਦੀ ਬੇਨਤੀ ਉਪਰ ਜੁਲਾਈ ਸੰਨ 1949 ਦੇ ਪਹਿਲੇ ਹਫਤੇ ਭਾਈ ਚਾਂਦ ਜੀ ਦੇ ਅਕਾਲ ਚਲਾਣਾ ਕਰ ਜਾਣ ਸਬੰਧੀ ਉਸ ਛੋਟੀ ਜਿਹੀ ਸਵਾਮੀ ਨਿਰਮਲ ਜੀ ਦੀ ਸੰਗਤ ਵਿਚ ਸ਼ੋਕ-ਮਈ ਅਰਦਾਸ ਕੀਤੀ ਅਤੇ ਬੈਠੀ ਸੰਗਤ ਨੇ ਭਾਈ ਚਾਂਦ ਜੀ ਦੀ ਸ਼ੁਭ ਗਤੀ ਲਈ ਇਕ ਮਿੰਟ ਮੋਨ ਰਖਕੇ ਵਾਹਿਗੁਰੂ ਸਿਮਰਨ ਕੀਤਾ ਅਤੇ ਗਿਆਨੀ ਜੀ ਨੇ ਆਪਣੇ Remarks ਦਿਤੇ ਕਿ ਅਜਿਹੇ ਦੂਜਨਾਂ ਇਕਠੀਆਂ ਖੂਬੀਆਂ ਵਾਲੇ ਇਕ ਨਾਮਵਰ ਕਲਾਕਾਰ ਦੇ ਚਲੇ ਜਾਣ ਨਾਲ ਜੋ ਖਲਾ ਪੈਦਾ ਹੋਇਆ ਹੈ, ਫਿਰ ਜਲਦੀ ਪੂਰ ਹੋਣਾ ਬਹੁਤ ਔਖਾ ਹੈ।

ਸਚਾਈ ਤਾਂ ਇਹ ਹੈ ਕਿ ਦਾਸ ਨੂੰ ਸਵ: ਭਾਈ ਚਾਂਦ ਜੀ ਨੇ ਆਪਣੀ ਅਜ਼ੀਮ ਕਲਾਕਾਰੀ ਦੇ ਸਹਾਰੇ ਜੋ ਕਈ ਸਾਲ ਇਕ ਅਲੋਕਿਕ ਪ੍ਰਸੰਨਤਾ ਅਤੇ ਖੁਸ਼ੀ ਪ੍ਰਦਾਨ ਕੀਤੀ ਆਪਜੀ ਦੀ ਹੀਨੇ-ਹਯਾਤ ਵਿਚ ਦਾਸ ਉਸ ਦਾ ਕੁਝ ਵਾਜਬ ਮੁੱਲ-ਮੁਆਵਜ਼ਾ ਆਪਜੀ ਨੂੰ ਅਦਾ ਨਾ ਕਰ ਸਕਿਆ ਅਤੇ ਨਾ ਹੀ ਇਹ ਮੁਆਵਜ਼ਾ ਕਿਸੇ ਮਾਇਕ ਢੰਗ ਨਾਲ ਅਦਾ ਕੀਤਾ ਜਾ ਹੀ ਸਕਦਾ ਹੈ। ਬਹਰ-ਹਾਲ ਆਪਜੀ ਨਾਲ ਦਾਸ ਦੇ ਪਿਆਰ ਦੇ ਜਜ਼ਬਾਤ ਕੁਝ ਇੰਜ ਸਨ ਕਿ ਜੀ ਕਰਦਾ ਕਿ ਜਿੱਥੋਂ ਦੀ ਭਾਈ ਸਾਹਿਬ ਭਾਈ ਚਾਂਦ ਲੰਘਣ ਉਨ੍ਹਾਂ ਦੇ ਪੈਰ ਹੇਠਾਂ ਹਥ ਦੀ ਤਲੀ ਰਖ ਦਿੱਤੀ ਜਾਵੇ ਤਾਂਕਿ ਆਪਜੀ ਦਾ ਪੈਰ ਜ਼ਮੀਨ ਤੇ ਨਾ ਲਗੇ ਬਲਕਿ ਹਥ ਦੀ ਹਥੇਲੀ ਤੋਂ ਹੋ ਕੇ ਲੰਘਣ। ਵੈਸੇ ਅਸਲ ਪਿਆਰ ਦੀ ਹਦ ਤਾਂ ਬਕੌਲ ਗੁਰਬਾਣੀ ਕੁਝ ਇੰਜ ਹੈ ਕਿ—

ਜਿਸ ਪਿਆਰੇ ਸਿਉ ਨੇਹੁ ਤਿਸ ਆਗੈ ਮਰਿ ਚਲੀਐ ॥
ਧ੍ਰਿਗ ਜੀਵਣ ਸੰਸਾਰ ਤਾਕੈ ਪਾਛੈ ਜੀਵਣਾ। (ਮਹਲਾ ੨)

ਪਰ ਅਸੀਂ ਆਮ ਦੁਨੀਆਂਦਾਰ ਲੋਕ ਅਮਲੀ ਸੂਰਤ ਵਿਚ ਅਜਿਹਾ ਸਬੂਤ ਦੇਣ ਲਗੇ ਅਕਸਰ ਨਾਕਾਮ ਹੀ ਰਹਿੰਦੇ ਹਾਂ। ਸੋ ਵਾਹਿਗੁਰੂ ਸਾਨੂੰ ਬਲ ਬਖਸ਼ੇ ਕਿ ਅਸੀਂ

ਅਜਿਹੇ ਸਚੇ ਸੁਚੇ ਪਿਆਰ ਵੱਧ ਤੋਂ ਵੱਧ ਸੁਚਜੇ ਢੰਗ ਨਾਲ ਨਿਭਾ ਸਕੀਏ। ਤਾਂ ਖੈਰ ਬੀਤੇ ਸਾਲ ਦਾਸ ਨੇ ਭਾਈ ਚਾਂਦ ਜੀ ਮਰਹੂਮ ਦੀ ਸੁਭ ਗਤੀ ਲਈ ਆਪਣੇ ਗਰੀਬ ਖਾਨੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਧਾਰਨ ਪਾਠ ਰਖਿਆ ਅਤੇ ਦਾਸ ਨੇ ਖੁਦ ਆਪਜੀ ਦੇ ਨਮਿਤ ਪਾਠ ਕੀਤਾ। ਇੰਜ ਆਪਜੀ ਦੀ 40th ਚਾਲੀਵੀਂ ਬ੍ਰਸੀ ਦੇ ਮੌਕੇ ਮਿਤੀ 18 ਜੂਨ ਸੰਨ 1989 ਨੂੰ ਪਾਵਨ ਬਾਣੀ ਦਾ ਭੋਗ ਪਾਇਆ ਗਿਆ। ਜਿਸ ਵਿਚ ਦਾਸ ਦਾ ਪ੍ਰਵਾਰ ਰਿਸ਼ਤੇਦਾਰ ਅਤੇ ਹਮਸਾਇ ਸੱਜਨ ਇਕਤਰ ਹੋਏ ਅਤੇ ਇੰਜ 50-60 ਸੱਜਨਾਂ ਦੀ ਹਾਜ਼ਰੀ ਵਿਚ ਮੁੜ ਪੂਜਯ ਗਿਆਨੀ ਭੂਪਿੰਦਰ ਸਿੰਘ ਜੀ ਨੇ ਅਰਦਾਸ ਕੀਤੀ ਕੁਝ ਸਮਾਂ ਸ਼ਬਦ ਕੀਰਤਨ ਹੋਇਆ ਅਤੇ ਕੁਝ ਸਮਾਂ ਗਿਆਨੀ ਜੀ ਨੇ ਪਹਿਲੇ :

"ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥"

(ਸੋਰਠ 5 ਪੰਨਾ 628)

ਉਪਰ ਰਸ ਭਰਪੂਰ ਵਿਆਖਿਆ ਕੀਤੀ। ਪਿਛਲੇ ਲੇਖ ਵਿਚ ਦਾਸ ਅਰਜ਼ ਕਰ ਹੀ ਚੁਕਾ ਹੈ ਕਿ ਦਾਸ ਸੰਨ 1954-55 ਵਿਚ ਲਾਹੌਰ ਗਿਆ ਅਤੇ ਇਕ ਰਾਤ ਸਵ: ਭਾਈ ਚਾਂਦ ਜੀ ਦੇ ਘਰ ਰਿਹਾ। ਸੋ ਇੰਜ ਸੰਨ 1956-57 ਵਿਚ ਭਾਈ ਚਾਂਦ ਜੀ ਦੀ ਅਹਿਲੀਆ (ਪਤਨੀ) ਭੀ ਕਿਸੇ ਰਿਸ਼ਤੇਦਾਰ ਸਾਥ ਨਾਲ ਅੰਮ੍ਰਿਤਸਰ ਆਈ ਅਤੇ ਦਾਸ ਦੇ ਗ੍ਰਿਹ ਵਿਖੇ ਤਿਨ ਕੁ ਦਿਨ ਰਹੀ। ਹੁਣ ਕੁਝ ਸਾਲਾਂ ਤੋਂ ਸੰਨ 72 ਵਿਚ ਸਵਰਗਵਾਸ ਹੋ ਚੁੱਕੀ ਹੈ। ਭਾਈ ਚਾਂਦ ਜੀ ਦੀ ਲੜਕੀ ਅਤੇ ਵੱਡਾ ਲੜਕਾ ਭਾਈ ਮੁਰਾਦ ਭੀ ਅੱਲਾ ਨੂੰ ਪਿਆਰੇ ਹੋ ਚੁੱਕੇ ਹਨ। ਭਾਈ ਮੁਰਾਦ ਸੰਨ 85 ਵਿਚ ਫੌਤ ਹੋ ਗਏ ਸਨ।

ਭਾਈ ਮੁਰਾਦ ਦੀਆਂ ਕੁਝ ਚਿੱਠੀਆਂ ਦਾਸ ਪਾਸ ਹੁਣ ਭੀ ਮੌਜੂਦ ਹੈਗੀਆਂ ਹਨ। ਇਸ ਵਕਤ ਲਾਹੌਰ ਵਿਖੇ ਭਾਈ ਚਾਂਦ ਜੀ ਦਾ ਛੋਟਾ ਲੜਕਾ ਭਾਈ ਗੁਲਜ਼ਾਰ ਚਾਂਦ ਹੈ ਜੋ ਕਿ ਅੱਛਾ ਖਾਸਾ ਉਰਦੂ ਪੜ੍ਹਿਆ ਲਿਖਿਆ ਹੈ। ਇਸਦੀ ਆਖਰੀ ਚਿੱਠੀ ਭੀ ਸੰਨ 1986 ਦੀ ਦਾਸ ਪਾਸ ਮੌਜੂਦ ਹੈ। ਇਹ ਸੱਜਨ ਲਾਹੌਰ ਵਿਖੇ ਇਕ ਟਰਾਂਸਪੋਰਟ ਕੰਪਨੀ ਵਿਚ ਟਾਇਮ ਮੈਨੇਜਰ ਹੈ ਅਤੇ ਗੁਰੂ ਕ੍ਰਿਪਾ ਨਾਲ ਭਾਈ ਸਾਹਿਬ ਚਾਂਦ ਜੀ ਦੇ ਪੋਤੇ ਪੋਤੀਆਂ ਹਨ ਹੋਰ ਬਾਗ਼ ਪ੍ਰਵਾਰ ਹੈ। ਸਭ ਲਾਹੌਰ ਵਿਚ ਹੀ ਹਨ। ਵਾਹਿਗੁਰੂ ਇਸ ਨਵੀਂ ਪੀੜੀ ਦੇ ਬਚਿਆਂ ਦੀ ਉਮਰ ਦਰਾਜ਼ ਕਰੇ ਅਤੇ ਇੰਜ ਦੁਨਿਆਵੀ ਤੌਰ ਤੇ ਭੀ ਭਾਈ ਚਾਂਦ ਜੀ ਦਾ ਨਾਮ ਰੌਸ਼ਨ ਰਵੇ, ਆਮੀਨ।

ਸਵ: ਭਾਈ ਚਾਂਦ ਜੀ ਦੀਆਂ 70/75 ਗਾਈਆਂ ਤਰਜ਼ਾਂ ਦੇ ਬੋਲ ਅਤੇ ਉਨ੍ਹਾਂ ਦੀ ਗਾਇਕੀ ਦਾ ਢੰਗ ਥੋੜਾ ਬਹੁਤ ਸੁਰਾ-ਬੇਸੁਰਾ ਅਜ ਭੀ ਦਾਸ ਨੂੰ ਯਾਦ ਹੈ।

ਕਿਸੇ ਹੋਈ ਗਲਤੀ ਵਜੋਂ ਪਾਠਕਾਂ ਅਤੇ ਪ੍ਰਬੰਧਕਾਂ ਪਾਸੋਂ ਦਾਸ ਖਿਮਾ ਦਾ ਜਾਚਿਕ ਹੈ। ਆਪ ਸਭਨਾਂ ਦਾ ਧੰਨਵਾਦ। ਬਾਕੀ ਫੇਰ— ਰੱਬ ਰਾਖਾ।

—0—

# ਕੀਰਤਨ ਸੰਗੀਤ

—ਆਵਤ ਸਿੰਘ (ਸੰਗੀਤ ਪ੍ਰੇਮੀ)

(ਕੀਰਤਨ ਅਤੇ ਸੰਗੀਤ ਦੇ ਸੰਬੰਧ ਵਿਚ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਪਹਿਲਾਂ ਮੈਂ ਅਮ੍ਰਿਤ ਕੀਰਤਨ ਪਰਚੇ ਦਾ ਧੰਨਵਾਦ ਕਰਦਾ ਹਾਂ। ਪਰਚੇ ਦਾ ਮੈਂਬਰ ਬਣਨ ਤੋਂ ਬਾਦ ਸੰਗੀਤ ਪ੍ਰੇਮੀ ਹੋਣ ਕਰਕੇ ਜੋ ਵਿਚਾਰ ਬਣੇ ਹਨ ਪ੍ਰਗਟ ਕਰਨ ਦਾ ਉਪਰਾਲਾ ਕੀਤਾ ਹੈ।

ਕੀਰਤਨ ਹਿੰਦੀ ਦੇ ਕੀਰਤ ਤੋਂ ਬਣਿਆ ਹੈ।
"ਕੀਰਤ ਪ੍ਰਭ ਕੀ ਗਾਓ ਮੇਰੀ ਰਸਨਾ"

ਕੀਰਤ ਦਾ ਮਤਲਬ ਕਿਸੇ ਦਾ ਯਸ਼ ਯਾ ਗੁਣਗਾਨ ਕਰਨਾ ਉਸਤਤਿ ਕਰਨ ਨੂੰ ਉਸਦਾ ਵਖਾਨ ਕਰਨ ਨੂੰ ਕੀਰਤ-ਕਰਨ ਆਖਿਆ ਜਾਂਦਾ ਹੈ। ਕੀਰਤ ਕਰਨ ਤੋਂ ਹੀ ਕੀਰਤਨ ਬਣਿਆ ਹੈ। ਭਗਤੀ ਦੇ ਭਾਵਾਂ ਨੂੰ ਜਦ ਅਸੀਂ ਗਾਇਨ ਵਿਚ ਬਦਲਦੇ ਹਾਂ ਤਾਂ ਉਹ ਕੀਰਤਨ ਬਣ ਜਾਂਦਾ ਹੈ। ਉਸ ਲਈ ਕਿਸੇ ਸਮੇਂ ਦੀ ਲੋੜ ਨਹੀਂ ਜਿਵੇਂ ਖਾਸ ਰਾਗਾਂ ਨੂੰ ਗਾਣ ਲਈ ਸਮਾਂ ਹੁੰਦਾ ਹੈ। ਬੰਦਿਸ਼ ਦੀ ਲੋੜ ਨਹੀਂ। ਮਧੁਰ ਆਵਾਜ਼ ਯਾ ਸੁਹਣੇ ਸੁਰਾਂ ਦੀ ਜ਼ਰੂਰਤ ਨਹੀਂ। ਸੰਗੀਤ ਦੀ ਸੁਰ ਲਿਪੀ ਦੀ ਲੋੜ ਨਹੀਂ, ਤਾਲ ਵੀ ਨਹੀਂ ਬਸ, ਇਕ ਅੰਦਰੋਂ ਉੱਠਣ ਵਾਲੇ ਪ੍ਰੇਮਾ ਭਾਵ ਨੂੰ ਗਾਇਨ ਰਾਹੀਂ ਅਕਾਲ ਪੁਰਖ ਦੀ ਕੀਰਤ, ਸਿਫਤ ਸਾਲਾਹ ਕਰਨ ਨੂੰ ਹੀ ਕੀਰਤਨ ਕਿਹਾ ਜਾ ਸਕਦਾ ਹੈ, ਗੁਰੂ ਮਹਾਰਾਜ ਨੇ ਇਸ ਤਰ੍ਹਾਂ ਦੇ ਕੀਰਤਨ ਕਰਨ ਨੂੰ ਹੀ ਪ੍ਰਧਾਨਤਾ ਦਿੱਤੀ ਹੈ।

"ਕਲਜੁਗ ਮੇਂ ਕੀਰਤਨ ਪਰਧਾਨਾ
ਗੁਰਮੁਖ ਜਪਿਐ ਲਾਇ ਧਿਆਨਾ"
ਐਥੇ ਧਿਆਨ ਦਾ ਅਰਥ ਅੰਦਰਲੇ ਭਾਵ ਨਾਲ ਹੈ।

ਸਿੱਖ ਜਗਤ ਵਿਚ ਬਹੁਤ ਕੀਰਤਨ ਕਾਰ ਹੋਏ ਹਨ ਜਿਨ੍ਹਾਂ ਵਿਚੋਂ ਕੁਝ ਇਕ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ। ਤਾਂ ਜੋ ਕੀਰਤਨ ਦੇ ਅਰਥ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕੇ। ਸੰਤ ਸ਼ਿਆਮ ਸਿੰਘ ਸਰੰਦੇ ਤੇ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਦਰਸ਼ਨੀ ਡਿਯੋੜੀ ਦੇ ਬਾਹਰ ਬੈਠ ਕੇ "ਦਰਮਾਦੇ ਠਾਡੇ ਦਰਬਾਰ, ਤੁਝ ਬਿਨ ਸੁਰਤ ਕਰੈ ਕੋ ਮੇਰੀ ਦਰਸ਼ਨ ਦੀਜੈ ਖੋਲ ਕਿਵਾੜ"।

ਬਸ ਕੀਰਤਨ ਕਰਦਿਆਂ ਇਕ ਸੁਰ ਹੋ ਜਾਂਦੇ ਸਨ। ਸੰਤ ਰਣਧੀਰ ਸਿੰਘ ਜੀ ਜਦ ਕੀਰਤਨ ਕਰਦੇ ਸਨ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਇਕ ਮਿਕ ਹੋ ਜਾਂਦੀ ਸੀ। ਭਾਈ ਸੁਰਜਨ ਸਿੰਘ ਰਾਗੀ ਆਪ ਸੂਰਮੇ ਸਿੰਘ ਸਨ। ਗੁਰਬਾਣੀ ਤੇ ਸਿੱਧੀ ਗਾਇਨ ਸ਼ੈਲੀ ਨਾਲ, ਸੰਗਤ ਇਕ ਮਿਕ ਹੋ ਜਾਂਦੀ ਸੀ। ਭਾਵ ਇਹ ਰਾਗੀ

ਸੰਗੀਤ ਆਚਾਰਯ ਨਹੀਂ ਸਨ, ਬਸ ਇਕ ਖਿਚ ਸੀ। ਰਾਗ ਤੋਂ ਹੀ ਰਾਗੀ ਬਣਿਆਂ ਹੈ। ਰਾਗ ਦਾ ਮਤਲਬ ਹੈ ਪ੍ਰੇਮ, ਖਿਚ, ਪ੍ਰੇਮ-ਮਈ ਖਿਚ, ਭਾਵਨਾਤਮਕ ਖਿਚ, ਰੂਹਾਨੀ ਗਾਇਨ ਦੁਆਰਾ ਪੈਦਾ ਹੋਇਆ ਖਿਚ ਨੂੰ ਹੀ ਰਾਗ ਕਿਹਾ ਗਿਆ ਹੈ। ਇਸ ਲਈ ਕੀਰਤਨ ਹੀ ਰਾਗ ਹੈ। ਗੁਰਬਾਣੀ ਕੀਰਤਨ ਗਾਇਨ ਕਰਨ ਦੀ ਇਕ ਵਖਰੀ ਸ਼ੈਲੀ ਹੈ। ਜਿਸ ਨੂੰ ਨਿਯਮ ਬੱਧ ਕਰਨ ਦੀ ਲੌੜ ਹੈ।

ਕੀਰਤਨ ਕਰਨ ਲਈ ਸੰਗੀਤ ਅਧਾਰ ਤੇ ਤਾਨਾ, ਪਲਟੇ, ਪਰਤ+ਤਾਲ (ਪੜਤਾਲ) ਬੇ ਲੋੜੀਂਦੇ ਸਾਜ਼ਾਂ ਦੀ ਲੋੜ ਨਹੀਂ, ਜਿਸ ਤਰ੍ਹਾਂ ਅੱਜ ਟੀ. ਵੀ. ਤੇ ਕੀਰਤਨ ਕਾਰਾਂ ਨਾਲ ਵਾਜਾ, ਤਬਲਾ, ਸਤਾਰ, ਸਰੋਦ ਆਦਿ ਵਜਾਏ ਜਾਂਦੇ ਹਨ। ਗੁਰਮਤਿ ਅਨੁਸਾਰ ਕੀਰਤਨ ਕਰਨ ਦੀ ਸ਼ੈਲੀ ਸੰਬੰਧੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤੱਕ ਜੋ ਵੀ ਕੀਰਤਨ ਕਰਨ ਦੀ ਇਕ ਪਰੰਪਰਾਂ ਰਹੀ ਹੈ ਜਾਂ ਤਬਦੀਲੀ ਆਈ ਹੈ ਇਸ ਵਿਸ਼ੇ ਤੇ ਖੋਜ ਜਾਰੀ ਹੈ।

## ਸੰਗੀਤ

ਭਾਰਤ ਵਿਚ ਵੱਖ ਵੱਖ ਪ੍ਰਾਤਾਂ 'ਚ ਧਰਮ, ਸੰਸਕ੍ਰਿਤੀ ਦੇ ਅਧਾਰ ਤੇ ਗਾਇਨ ਕਰਨ ਦੀ ਪਰੰਪਰਾ ਹੈ। ਜਿਸ ਵਿਚ ਹਿੰਦੁਸਤਾਨੀ ਸੰਗੀਤ ਤੇ ਕਰਨਾਟਕ ਸੰਗੀਤ ਜਿਸ ਨੂੰ ਦੱਖਿਣ ਭਾਰਤ ਦਾ ਸੰਗੀਤ ਵੀ ਕਿਹਾ ਜਾਂਦਾ ਹੈ। ਇਸ ਤੋਂ ਛੁਟ ਭਾਰਤ ਵਿਚ ਸੰਗੀਤ ਗਾਇਨ ਦੀਆਂ ਵੱਖ ਵੱਖ ਸ਼ੈਲੀਆਂ ਹਨ ਜਿਵੇਂ :—

1. ਭਗਤੀ ਸੰਗੀਤ (ਭਜਨ)
2. ਕਵਾਲੀ
3. ਗਜ਼ਲ ਗਾਇਕੀ
4. ਚਰਚ ਮਿਊਜ਼ਿਕ
5. ਗੁਰਦੁਆਰਾ ਸੰਗੀਤ (ਟੁੰਡੇ ਅਸਰਾਜੇ ਕੀ ਧੁਨੀ)
6. ਪਾਪ ਮਿਊਜ਼ਿਕ
7. ਸ਼ਾਸਤ੍ਰੀ ਸੰਗੀਤ
8. ਖਿਯਾਲ ਗਾਇਕੀ
9. ਧੁਰਪਦ ਗਾਇਕੀ
10. ਫਿਲਮੀ ਸੰਗੀਤ
11. ਲੋਕ ਸੰਗੀਤ

ਜਦ ਗਾਇਨ ਨੂੰ ਸੁਰਬੱਧ ਕਰਕੇ ਨਿਯਮ ਅਨੁਸਾਰ ਗਾਇਆ ਜਾਂਦਾ ਹੈ ਤਾਂ ਉਹ ਸੰਗੀਤ ਬਣ ਜਾਂਦਾ ਹੈ। ਸੰਗੀਤ ਇਕ ਕੰਨ ਰਸ ਹੈ ਅਤੇ ਕੰਨ ਰਸ ਦੀ ਖਿਚ ਪੈਦਾ ਕਰਨ ਵਾਲੇ ਗਾਇਨ ਵਾਦਨ ਨੂੰ ਸੰਗੀਤ ਕਹਿ ਸਕਦੇ ਹਾਂ।

ਸੰਗੀਤ ਦਾ ਸੰਬੰਧ ਕੇਵਲ ਗਾਇਨ ਨਾਲ ਨਹੀਂ, ਵਾਦਨ ਦੇ ਨਾਲ ਵੀ ਹੈ। ਫਿਰ ਜਿੱਥੇ ਮਨੁੱਖ ਗਾਉਂਦੇ ਹਨ ਉੱਥੇ ਪੰਛੀ ਵੀ ਗਾਉਂਦੇ ਹਨ।

'ਗਾਵਨ ਤੁਧਨੋ ਖਾਣੀ ਚਾਰੇ''

ਕੁਦਰਤ ਦੇ ਵਿਚ ਝਰਨਿਆਂ ਦੀ ਝਨਕਾਰ, ਹਵਾ ਦੀ ਸ਼ੌਂ ਸ਼ੌਂ, ਬਦਲਾਂ ਦੀ ਗਰਜਨ ਆਦਿ ਮਨ ਨੂੰ ਮੋਹਕ ਲਗਦੀ ਹੈ।

ਪਸ਼ੂ ਪੰਛੀਆਂ ਦੀ ਆਵਾਜ਼ ਦੇ ਆਧਾਰ ਤੇ ਮਿਸਾਲ ਦਿੱਤੀ ਜਾਂਦੀ ਹੈ। ਇਸ ਦੀ ਆਵਾਜ਼ ਕੋਇਲ ਵਰਗੀ ਹੈ। ਬੁਲਬੁਲ ਵਰਗੀ ਹੈ। ਮੈਨਾ ਵਰਗੀ ਹੈ। ਭੈੜੀ ਆਵਾਜ਼ ਨੂੰ ਕਾਂ ਦੀ ਆਵਾਜ਼ ਯਾ ਟੁੱਟੇ ਮਟਕੇ ਦੀ ਤਰ੍ਹਾਂ ਮਿਸਾਲ ਦੇਂਦੇ ਹਨ।

ਵਾਦਨ ਦੇ ਵਿੱਚ ਜਿੰਨੇ ਵੀ ਸਾਜ਼ ਹਨ, ਚਾਹੇ ਉਹ ਤੰਤੀ ਹਨ, ਜਿਸ ਤਰ੍ਹਾਂ ਸਿਤਾਰ, ਵੀਣਾ (ਸਰਸਵਤੀ ਵੀਣਾ, ਰੁਦ੍ਰ ਵੀਣਾ, ਵਿਚਤ੍ਰ ਵੀਣਾ) ਸਰੋਦ, ਰਬਾਬ ਬੈਂਜੋ, ਗਿਟਾਰ, ਮੈਂਡੋਲਿਨ ਆਦਿ।

ਗਜ ਵਾਲੇ ਸਾਜ਼ :- ਸਰੰਦਾ, ਸਾਰੰਗੀ, ਵਾਯਲਨ, ਦਿਲਰੁਬਾ, ਇਸਰਾਜ, ਤਾਊਸ, ਰਾਵਣਹਥਾ ਆਦਿ।

ਫੂਕ ਵਾਲੇ ਸਾਜ਼ :- ਬੰਸਰੀ, ਸ਼ਹਿਨਾਈ, ਬੈਂਡ ਦੇ ਵਿਚ ਫੂਕ ਨਾਲ ਵਜਨ ਵਾਲੇ ਸਾਜ਼ ਆਦਿ।

ਚਮੜੇ ਵਾਲੇ ਸਾਜ਼ :-ਤਬਲਾ, ਮ੍ਰਿਦੰਗ, ਪਖਾਵਜ, ਢੋਲਕ, ਡਫਲੀ, ਨਗਾਰਾ ਆਦਿ।

ਧਾਤੂ ਵਾਲੇ ਸਾਜ਼ :- ਘੰਟਾ, ਝਾਂਝ, ਚਿਮਟਾ, ਘੁੰਘਰੂ ਆਦਿ।

ਭਾਵ ਗਾਇਨ ਅਤੇ ਵਾਦਨ ਦੀ ਲਯਬੱਧ ਧੁਨ ਨੂੰ ਸੰਗੀਤ ਕਿਹਾ ਜਾਂਦਾ ਹੈ।

ਕੁਝ ਚਿਰ ਦੀ ਗੱਲ ਹੈ ਮੈਂ ਗੁਰੂ ਨਾਨਕ ਦੇਵ ਜੀ ਦੇ ਪੁਰਬ ਤੇ ਗੁ: ਰਕਾਬ ਗੰਜ ਸਾਹਿਬ ਕੀਰਤਨ ਦਰਬਾਰ ਸੁਣਨ ਲਈ ਗਿਆ ਤੇ ਗੁਰਮਤਿ ਵਿੱਦਿਆਲਾ ਗੁ. ਰਕਾਬ-ਗੰਜ ਸਾਹਿਬ ਦੇ ਪ੍ਰਿੰਸੀਪਲ ਗਿ. ਦਿਆਲ ਸਿੰਘ ਜੀ ਨੇ ਮੈਨੂੰ ਰੋਕ ਕੇ ਪੁੱਛਿਆ ਤੁਸੀਂ ਕੀਰਤਨ ਸੁਣਨ ਲਈ ਆਏ ਹੋ ਯਾ ਸੰਗੀਤ ਤਾਂ ਮੈਂ ਅਣਜਾਨ ਵਿਚ ਕਿਹਾ ਕੀਰਤਨ, ਤੇ ਕਹਿਣ ਲੱਗੇ, ਇੱਥੇ ਦਿਲਬਾਗ ਸਿੰਘ ਤੇ ਗੁਲਬਾਗ ਸਿੰਘ ਹੈ ਕੀਰਤਨ ਨਹੀਂ, ਸੋ ਤੁਸੀਂ ਘਰ ਜਾਓ। ਉਨ੍ਹਾਂ ਦਾ ਭਾਵ ਸੀ ਜੋ ਕੀਰਤਨ ਸੰਗਤ ਨਾਲ ਕੀਤਾ ਜਾਏ ਉਹ ਕੀਰਤਨ ਹੈ, ਬਾਕੀ ਸੰਗੀਤ।

ਕੀਰਤਨ ਤੇ ਸੰਗੀਤ ਦੇ ਮੇਲ ਨੂੰ ਚੰਗੀ ਤਰ੍ਹਾਂ ਸਮਝਣਾ ਪਵੇਗਾ। ਇਨ੍ਹਾਂ ਦੀ ਸਾਂਝ ਵੀ ਹੈ ਤੇ ਵੱਖਰਾਪਣ ਵੀ। ਮੇਰੇ ਇਕ ਮਿਤ੍ਰ ਸਰਦਾਰ ਕਰਮ ਸਿੰਘ ਜੀ ਨੇ ਦੱਸਿਆ ਕਿ ਉਹ ਸੰਗੀਤ ਤੋਂ ਬਿਲਕੁਲ ਕੋਰੇ ਹਨ, ਗਲਾ ਵੀ ਨਹੀਂ ਲੇਕਿਨ ਮੌਜ ਵਿਚ ਕਦੀ ਕਦੀ ਖੜਤਾਲ ਵਜਾ ਕੇ ਸ਼ਬਦ ਗਾਇਨ ਕਰਦੇ ਹਨ।

| **ਕੀਰਤਨ** | **ਸੰਗੀਤ** |
| --- | --- |
| 1. ਕੀਰਤਨ ਭਗਤੀ ਰਸ ਹੈ। | 1. ਸੰਗੀਤ ਕੰਨ ਰਸ ਹੈ। |
| 2. ਕੀਰਤਨ ਵਿਚ ਨਿਯਮ ਬੱਧ ਰਾਗਾਂ ਦੀ ਲੋੜ ਨਹੀਂ। | 2. ਸੰਗੀਤ ਵਿਚ ਨਿਯਮ ਬੱਧ ਰਾਗਾਂ ਦੀ ਲੋੜ ਹੈ। |

| | |
|---|---|
| 3. ਕੀਰਤਨ ਸੰਗਤ ਨਾਲ ਹੁੰਦਾ ਹੈ | 3. ਸੰਗੀਤ ਦਾ ਗਾਇਨ ਆਪ ਖੁਦ ਯਾ ਜੁਗਲ ਬੰਦੀ ਨਾਲ ਹੁੰਦਾ ਹੈ। |
| 4. ਕੀਰਤਨ ਵਿਚ ਬੜੇ ਚੰਗੇ ਗਲੇ ਦਾ ਹੋਣਾ ਬਹੁਤਾ ਜ਼ਰੂਰੀ ਨਹੀਂ। | 4. ਸੰਗੀਤ ਬਗੈਰ ਗਲੇ ਤੋਂ ਬੇ ਰਸ ਹੈ। |
| 5. ਕੀਰਤਨ ਵਿਚ ਬਹੁਤੇ ਸਾਜ਼ਾਂ ਦੀ ਲੋੜ ਨਹੀਂ। | 5. ਸੰਗੀਤ ਵਿਚ ਵੱਧ ਤੋਂ ਵੱਧ ਸਾਜ਼ ਸੋਨੇ ਤੇ ਸੁਹਾਗੇ ਦਾ ਕੰਮ ਕਰਦੇ ਹਨ। |
| 6. ਕੀਰਤਨ ਦੇ ਨਾਲ ਭਗਤੀ ਭਾਵ ਪੈਦਾ ਹੁੰਦਾ ਹੈ। | 6. ਸੰਗੀਤ ਨਾਲ ਰਾਗ-ਰੰਗ ਪੈਦਾ ਹੁੰਦਾ ਹੈ। |
| 7. ਕੀਰਤਨ ਇਕ ਰਸ ਪੈਦਾ ਕਰਦਾ ਹੈ। | 7. ਸੰਗੀਤ ਬਹੁ ਰਸ ਪ੍ਰਦਾਨ ਕਰਦਾ ਹੈ। |
| 8 ਕੀਰਤਨ ਧਾਰਮਿਕ ਅਸਥਾਨਾਂ ਤੇ ਹੁੰਦਾ ਹੈ। | 8. ਸੰਗੀਤ ਨਾਟਕੀ ਸਟੇਜਾਂ ਤੇ ਹੁੰਦਾ ਹੈ। |
| 9. ਕੀਰਤਨ ਸੂਰਦਾਸ ਤੇ ਮੀਰਾਂ ਹੈ। | 9. ਸੰਗੀਤ ਨਿਰਾ ਤਾਨ ਸੈਨ ਤੇ ਬੈਜੂ+ਬਾਵਰਾ ਹੈ। |
| 10. ਕੀਰਤਨ ਦੀ ਇਕ ਭਾਸ਼ਾ ਹੈ। | 10. ਸੰਗੀਤ ਦੀ ਭਾਸ਼ਾ ਨਹੀਂ ਕੇਵਲ ਧੁਨ ਹੈ। |

# ਰਾਗ ਭਿੰਨ ਸ਼ੜਜ

ਪ੍ਰੋ: ਜੀ. ਐਸ. ਸਹਿਗਲ

ਭਿੰਨ ਸ਼ੜਜ' ਇਕ ਬਹੁਤ ਹੀ ਮੱਧੁਰ ਤੇ ਸ਼ਾਂਤ ਪ੍ਰਕਿਰਤੀ ਵਾਲਾ ਰਾਗ ਹੈ। ਪ੍ਰਾਚੀਨ ਗ੍ਰੰਥਾਂ ਵਿਚ ਇਸ ਰਾਗ ਦਾ ਜ਼ਿਕਰ ਆਇਆ ਹੈ। ਸ਼ੁੱਧ ਸੁਰਾਂ ਦਾ ਇਹ ਇਕ ਅਜਿਹਾ ਰਾਗ ਹੈ ਜਿਸ ਵਿਚ ਰਿਖਭ ਅਤੇ ਪੰਚਮ ਸੁਰ ਵਾਰਜਿਤ ਹਨ। ਸ਼ੁਧ ਮਧਿਅਮ ਦਾ ਬਾਰ ਬਾਰ ਉਚਾਰਣ ਕਰਨ ਨਾਲ ਇਸ ਰਾਗ ਵਿਚ ਗੰਭੀਰਤਾ ਦਾ ਅਹਿਸਾਸ ਉਭਰਦਾ ਹੈ। ਵਿਸ਼ੇਸ਼ ਤੌਰ ਤੇ ਰਾਤ ਦੇ ਦੂਜੇ ਪਹਿਰ ਇਸ ਰਾਗ ਦਾ ਗਾਇਨ ਬੜਾ ਵੈਰਾਗਮਈ ਪ੍ਰਭਾਵ ਪਾਉਂਦਾ ਹੈ। ਵਿਲੰਬਤ ਲੈਅ ਵਿਚ ਇਸ ਰਾਗ ਦਾ ਆਲਾਪ ਬਹੁਤ ਹੀ ਚੰਗਾ ਲਗਦਾ ਹੈ। 'ਸ-ਮ' ਦੀ ਸੰਗਤੀ ਇਸ ਰਾਗ ਦੀ ਜਿੰਦ ਜਾਨ ਹੈ, ਤੇ ਇਸ ਨੂੰ ਉਭਾਰ ਦੀ ਹੈ। ਗੰਧਾਰ (ਗ) ਤੇ ਧੈਵਤ (ਧ) ਦੀ ਸੰਗਤੀ ਵੀ ਇਸ ਰਾਗ ਦਾ ਵਿਸ਼ੇਸ਼ ਲੱਛਣ ਹੈ। ਇਸ ਰਾਗ ਦੇ ਸ਼ੁਧ ਮਧਿਅਮ (ਮ) ਦੀ ਥਾਂ ਅਗਰ ਤੀਵਰ ਮਧਿਅਮ (ਮ) ਸੁਰ ਲਗਾਇਆ ਜਾਵੇ ਤਾਂ ਇਹ ਹਿੰਡੋਲ ਰਾਗ ਬਣ ਜਾਦਾ ਹੈ। ਸ਼ੁਧ ਮਧਿਅਮ ਕਰਕੇ ਹੀ ਇਸ ਰਾਗ ਨੂੰ 'ਦਿਵਯ-ਹਿੰਡੋਲ' ਵੀ ਕਹਿੰਦੇ ਹਨ ਅਤੇ ਇਸ ਦੀ ਮੱਧੁਰਤਾ ਤੋਂ ਪ੍ਰਭਾਵਤ ਹੋ ਕੇ ਕਈ ਵਿਦਵਾਨਾਂ ਨੇ ਇਸ ਨੂੰ 'ਮੱਧੁਰ ਧੁੰਨੀ' ਦੇ ਨਾਲ ਵੀ ਜਾਣਿਆ ਹੈ। ਪਰ ਇਸ ਰਾਗ ਦਾ ਪੁਰਾਤਨ ਨਾਂ ਭਿੰਨ ਸ਼ੜਜ ਹੀ ਅਜਕਲ ਵਧੇਰੇ ਪ੍ਰਚਲਿਤ ਹੈ।

ਇਸ ਰਾਗ ਦਾ ਪਰਿਚੈ ਹੇਠ ਲਿਖੇ ਅਨੁਸਾਰ ਹੈ :–

ਆਰੋਹ : ਸ ਗ ਮ ਧ ਨ ਸਂ ।

ਅਵਰੋਹ : ਸਂ ਨ ਧ ਮ ਗ ਸ ।

ਜਾਤੀ : ਓਡਵ—ਓਡਵ　　ਥਾਟ : ਬਿਲਾਵਲ

ਵਾਦੀ ਮ ਸੰਵਾਦੀ ਸ　　ਵਰਜਿਤ ਸੁਰ : ਰ, ਪ

ਆਲਾਪ:—

ਸ ਸ ਨ਼ ਸ ਧ਼ ਨ਼ ਸ ਮ ਗ ਮ

ਗ ਸ । ਸ ਗ ਮ ਗ ਸ, ਨ਼ ਸ ਨ਼ ਧ਼ ਨ਼ ਸਾ

ਸ ਮ ਗ ਮ ਗ ਸ ਨ਼ ਸ ।

ਸ ਨ਼ ਧ਼ ਨ਼ ਸ ਮ ਗ ਮ, ਗ ਮ ਗ ਸ ।

ਨ਼ ਧ਼ ਸ ਨ਼ ਸ-ਮ, ਗ ਮ ਗ ਸ ।

ਨ਼ ਸ ਧ਼ ਨ਼ ਸ-ਮ, ਗ ਸ ।

ਤਾਨਾਂ :—ਨ਼ਸਗਮਗਮ,　ਗਮਗਸਨ਼ਸ,

ਮਮਗਸਨ਼ਸ,　ਸਨ਼ਧ਼ਨ਼ਸਗਮਗਸਨ਼ਸ ।

ਨ਼ਸਗਮਧਮਗਮਗਸਨ਼ਸ ।

ਨ਼ਸਗਮ,　ਸਗਮਮ,　ਗਮਧਧ,　ਮਧਨਨ.

ਧਨਸਂਸਂ　ਨਧਮਮ,　ਨਗਮਗਸਨ਼ਸ ।

## ਦਾਦਰਾ ਤਾਲ ਵਿਚ ਭਿੰਨ ਸ਼ੜਜ ਰਾਗ ਦੀ ਸਰਗਮ

| + | | | O | | |
|---|---|---|---|---|---|
| 1 | 2 | 3 \| | 4 | 5 | 6 |
| ਸ | ਗ | ਮ | ਧ | ਨ | ਸਂ |
| ਸਂ | ਨ | ਧ | ਮ | ਗ | ਸਂ |
| ਸਗ | ਮਧ | ਨਸਂ | ਸਂਨ | ਧਮ | ਗਸ |
| ਸਸ | ਗਗ | ਮਮ | ਧਧ | ਨਨ | ਸਂਸਂ |
| ਸਂਸਂ | ਨਨ | ਧਧ | ਮਮ | ਗਗ | ਸਸ |

## ਰਾਗ ਭਿੰਨ ਸ਼ੜਜ ਤਾਲ ਦਾਦਰਾ

ਅਸਥਾਈ

| + | | | O | | |
|---|---|---|---|---|---|
| 1 | 2 | 3 | 4 | 5 | 6 |
| ਨ | ਸ | – | ਨ਼ਧ਼ | ਧ | ਨ਼ਸ |
| ਹ | ਥੁ | S | ਨਲਾ | S | ਇਕ |
| ਮ | – | ਗ | — | ਸ | — |
| ਸੁੰ | S | ਭ | S | ੜੈ | S |
| ਗ | ਮ | ਧ | — | ਨ | — |
| ਜ | ਲਿ | ਜਾ | S | ਸੀ | S |
| ਨ | ਧ | ਮ | ਗ | ਸ | ਸ |
| ਢੋ | S | ਲਾ | S | S | S |

ਅੰਤਰਾ

| + | | | O | | |
|---|---|---|---|---|---|
| 1 | 2 | 3 | 4 | 5 | 6 |
| ਸ | ਸ | — | ਨਧ | ਮ | ਧ |
| ਇ | ਕ | S | ਆ ਪੀ | S | ਨੈ |
| ਸਂ | ਸਂ | — | ਸਂ | — | — |
| ਪ | ਤ | S | ਲੀ | S | S |
| ਨ | ਨ | ਧ | ਧ | ਮ | ਮ |
| ਸ | ਹ | ਕੇ | ਰੇ | ਬੋ | ਲਾ |
| ਨ਼ | ਸ | — | ਨ਼ਧ਼ | ਧ਼ | ਨ਼ਸ |
| ਦੁ | ਧਾ | S | ਬਣੀ | S | ਨਆ |
| ਮ | — | ਗ | - | ਸ | — |
| ਵ | S | ਈ | S | S | S |
| ਗ | ਮ | ਧ | — | ਨ | — |
| ਫਿ | ਰਿ | ਹੋ | S | ਇ | S |
| ਨੀ | ਧ | ਮ | ਗ | ਸ | ਸ |
| ਨ | S | ਮੇ | S | ਲਾ | S |

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ।
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ । ਰਹਾਉ
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ।
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ।
ਕਹੈ ਫਰੀਦੁ ਸਹੇਲੀਹੋ ਸਹੁ ਅਲਾਇਸੀ ।
ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ।

(ਸੂਹੀ ਲਲਿਤ ਫਰੀਦ ਜੀ)

ਤੂੰ ਜਦੋਂ ਬੇੜਾ ਬਣਾਉਣ ਦਾ ਵੇਲਾ ਸੀ, ਉਦੋਂ ਬੇੜਾ ਨਾ ਬਣਾਇਆ (ਭਜਨ-ਸਿਮਰਨ ਨਾ ਕੀਤਾ) ਜਦੋਂ ਸਮੁੰਦਰ ਭਰ ਕੇ ਉਛਾਲੇ ਖਾਣ ਲਗੇਗਾ (ਭਾਵ ਜਦ ਵਿਸ਼ਿਆਂ ਵਿਕਾਰਾਂ ਦੀ ਕਾਂਗ ਜ਼ੋਰਾਂ ਤੇ ਹੋਵੇਗੀ) ਤਾਂ ਤਰਨਾ ਔਖਾ ਹੋ ਜਾਵੇਗਾ ।

ਹੇ ਪਿਆਰੇ ! ਕਸੁੰਭੇ ਨੂੰ ਹਥ ਨਾ ਲਾਈ, ਨਹੀਂ ਤਾਂ ਜਲ ਜਾਵੇਗਾ । (ਕਸੁੰਭੇ ਦਾ ਫੁੱਲ ਗੂੜ੍ਹੇ ਲਾਲ ਰੰਗ ਦਾ ਹੁੰਦਾ ਹੈ । ਇਹ ਰੰਗ ਇਤਨਾ ਭੜਕੀਲਾ ਹੈ ਮਾਨੋ ਹਥ ਲਾਇਆਂ ਸੜ ਜਾਵੇਗਾ । ਭਾਵ ਵਿਸ਼ੇ-ਵਿਕਾਰ ਉਪਰੋਂ ਭਾਵੇਂ ਫੁੱਲ ਵਾਂਗੂ ਸੋਹਣੇ ਦਿਸਦੇ ਹਨ, ਪਰ ਵਿਚੋਂ ਇਹ ਅੱਗ ਵਾਂਗੂ ਭੜਕੀਲੇ ਹੁੰਦੇ ਹਨ ਕਿ ਨੇੜੇ ਜਾਣ ਸਾਰ ਹੀ ਸਾੜ ਦਿੰਦੇ ਹਨ ।

ਜੀਵ ਰੂਪੀ ਇਸਤ੍ਰੀ ਇਕ ਤਾਂ ਆਪ ਪਤਲੀ ਭਾਵ ਕਮਜ਼ੋਰ ਹੈ ਉਪਰੋਂ ਮਾਲਕ ਦੇ ਬੋਲ ਕਰੜੇ ਹਨ, ਭਾਵ ਇਕ ਤਾਂ ਮਨੁੱਖ ਦੀ ਪ੍ਰਕਿਰਤੀ ਹੀ ਕਮਜ਼ੋਰ ਹੈ ਉਤੋਂ ਹੁਕਮ ਡਾਢੇ ਚੜ੍ਹੇ ਹੋਏ ਹਨ ।

ਮਿਲਣ ਦਾ ਮੌਕਾ ਭੀ ਇਹੋ ਮਨੁੱਖਾ ਜਨਮ ਹੈ ਕਿਉਂਕਿ ਇੱਕ ਵਾਰੀ ਚੋਇਆ ਦੁੱਧ ਮੁੜ ਥਣਾਂ ਵਿੱਚ ਨਹੀਂ ਆਉਂਦਾ, ਇਸੇ ਤਰ੍ਹਾਂ ਇਹ ਜਨਮ ਗਵਾ ਦਿੱਤਾ ਤਾਂ ਮੁੜ ਕੇ ਹਰੀ ਨਾਲ ਮੇਲ ਨਹੀਂ ਹੋਣਾ ।

ਹੇ ਮਿਤਰੋ ! ਪਰਮੇਸ਼ਰ ਸਾਨੂੰ ਸਭ ਨੂੰ ਬੁਲਾ ਲਵੇਗਾ, ਸਾਡੀ ਮੌਤ ਜ਼ਰੂਰ ਆ ਜਾਵੇਗੀ । ਹੰਸ (ਸਾਡੀ ਆਤਮਾ) ਉਦਾਸ ਹੋ ਕੇ ਤੁਰ ਜਾਵੇਗੀ ਅਤੇ ਸਾਡਾ ਸਰੀਰ ਮਿੱਟੀ ਦੀ ਢੇਰੀ ਹੋ ਜਾਵੇਗਾ ।

(ਸ਼ਬਦਾਰਥ ਵਿੱਚੋਂ ਧੰਨਵਾਦ ਸਹਿਤ)

# राग भूपाली

स. आवत सिंघ
स, हरिभजन सिंघ

थाट कलयान　　　　जाती – औड़व-औड़व

वादी - ग　　　　संवादी—ध　　　　वरजित स्वर – म नि

आरोह—स र ग प ध, सं

अवरोह – सं ध प, ग, र स

पकड़—ग, र, स, ध, स र ग, प ग, ध प ग, र स ।

हे रवि, हे ससि, हे करुणानिध मेरी अबै बिनती सुन लीजै ।
और न मांगत हउ तुम ते, कछु चाहत हों चित मैं सोई कीजै ।
शसत्रन सों अति ही रण भीतर, जूझ मरों तउ साच पतीजै ।
संत सहाइ सदा जग महि कृपा कर सयाम इहै बर दीजै ।

(दशम ग्रंथ जी)

राग भूपाली　　　　तीन ताल

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | स | ध | स | — | रे |
| | | | | | | | | | | | हे | S | र | S | वि |
| ग | — | ग | ग | ग | र | ग | प | ग | र | स | — | ग | ग | प | ध |
| हे | S | स | सि | हे | S | क | रु | णा | S | निध | S | मे | S | री | अ |
| सं | — | सं | सं | ध | सं | ध | प | ग | र | स | स | ध | स | — | र |
| बै | S | वि | न | ती | S | सु | न | ली | S | जै | हे | S | र | S | वि |

अन्तरा

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | ग | — | प | ध |
| | | | | | | | | | | | | औ | S | र | न |
| सं | सं | सं | सं | सं | ध | सं | रं | गं | — | रं | सं | ध | — | सं | सं |
| मां | S | ग | त | हउं | S | तु | म | ते | S | क | छु | चा | S | ह | त |
| ध | प | ग | र | ग | प | ध | सं | धप | गर | स | स | ध | स | — | र |
| हों | S | चि | त | मै | S | सो | ई | कीS | SS | जै | हे | S | र | S | वि |

# ਬਲਜੀਤ ਕੌਰ ਤੁਲਸੀ ਐਮ. ਏ. ਬੀ. ਟੀ. ਦੀਆਂ
# ਚੋਣਵੀਆਂ ਰਚਨਾਵਾਂ

ENGLISH

1. The Ramayana of Shri Guru Gobind Singh (Translation and Exegesis of Ramavatar into Punjabi and English)
2. Psalms of Hope (Exegesis of the Bani of Shri Guru Tegh Bahadur)
3. Revelation of Divine Bliss (Exegesis of Anand Sahib)
4. Divine Effulgence of the Formless Lord (Exegesis of Jap Sahib of)
5. Jap Sahib by Shri Guru Gobind Singh Ji (Translation and detailed meanings)

PANJABI

6. ਆਸ਼ਾਵਾਦੀ ਆਦੇਸ਼ (ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕਾਵਿਕ ਭਾਸ਼ਯ)
7. ਦੈਵੀ ਅਨੰਦ (ਅਨੰਦ ਸਾਹਿਬ ਦਾ ਕਾਵਿਕ ਭਾਸਯ)
8. ਜੇ ਸਉ ਚੰਦਾ ਉਗਵਹਿ (ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦਾ ਕਾਵਿਕ ਭਾਸ਼ਯ)
9. ਜਾਪ ਸਾਹਿਬ ਰਚਿਤ ਸ੍ਰੀ ਗੁਰੂ ਗੋਬਿੰਦ ਜੀ (ਬਾਣੀ ਦੇ ਮੂਲ ਰੂਪ ਦਾ ਵਿਸਤਾਰ ਅਤੇ ਅਰਥ ਵਿਵਰਨ)
10. ਜੀਵਨ ਚਰਿਤ੍ਰ ਸ੍ਰੀ ਗੁਰੂ ਨਾਨਕ ਦੇਵ ਜੀ
11. ਜੀਵਨ ਸ੍ਰੀ ਗੁਰੂ ਅੰਗਦ ਦੇਵ ਜੀ
12. ਜੀਵਨ ਸ੍ਰੀ ਗੁਰੂ ਅਮਰਦਾਸ ਜੀ
13. ਅਮਰ ਬਲਿਦਾਨ (ਜੀਵਨ ਸ੍ਰੀ ਗੁਰੂ ਤੇਗ ਬਹਾਦਰ ਜੀ)

## ਮੌਲਿਕ ਕਵਿਤਾ

14. ਪ੍ਰੇਮਾਂਜਲੀ (ਅਧਿਆਤਮਕ ਗੀਤ)
15. ਪ੍ਰੇਮਾਂਜਲੀ (ਦੇਵਨਗਰੀ ਵਿਚ)
16. ਮੇਜ-ਏ-ਬਹਿਰ
17. ਜੋਤ ਦਰਸ਼ਨ
18. ਤਿੰਨ ਵਾਰਾਂ
19. ਤ੍ਰਿਬੈਨੀ
20. ਮੌਲਸਰੀ
21. ਪਾਰਸ ਟੋਟੇ
22. ਨੀਲ ਕੰਠ
23. ਨੀਲ ਕਮਲ
24. ਨੀਲਾਂਬਰ
25. ਦੋ ਅੱਖਰੇ ਗੱਦ
26. 1699 ਦੀ ਵਿਸਾਖੀ ਗੱਦ

ਪ੍ਰਕਾਸ਼ਕ : ਗੁਰੂ ਤੇਗ ਬਹਾਦਰ ਚੈਰੀਟੇਬਲ ਟ੍ਰਸਟ 1004, ਸੈਕਟਰ 21 ਬੀ ਚੰਡੀਗੜ੍ਹ,